ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE
24 HOURS DELHI AIRPORT SERVICE



Sidhu Homeopathic Clinic
Dr. Malkit Singh Sidhu, D.H.M.S. (Hons.)
Dr. Kirandeep Kaur Sidhu, D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



# ਪੰਜਾਬ ਗਾਰਡੀਅਨ ਐਬਟਸਫੋਰਡ

PUNJAB GUARDIAN

B.C: Greater Vancouver, Fraser Valley, Victoria,Nanaimo, Prince George, Kamloops, Kelowna, Oliver, Squamish | ALBERTA: Edmonton, Calgary | ONTARIO: Otttawa, Brampton, Toronto | QUEBEC: Montreal | USA: Greater Seattle, Everett, Marysville, Portland, Bellingham, Belivue, Lyndon, Lynwood

Tel: 604-590-5200 Fax:604-596-5700 Toll Free: 1-877-584-5200 Vol. 33, Issue No.37 Ending Date: Sep 11, 2026



ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100


## ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵੱਲੋਂ ਗ਼ਦਰ ਪਾਰਟੀ ਦੇ ਮਹਾਨ ਯੋਧਿਆਂ ਨੂੰ ਸਮਰਪਿਤ ਦੂਸਰਾ ਸਾਲਾਨਾ ਟੂਰਨਾਮੈਂਟ ਸਫ਼ਲਤਾ-ਪੂਰਨ ਸੰਪੰਨ ਹੋਇਆ







ਵੈਨਕੂਵਰ (ਜੁਗਿੰਦਰ ਸਿੰਘ ਸੁੰਨੜ)—'ਸ਼ਹੀਦੋਂ ਕੀ ਚਿਤਾਓ ਪਰ ਲਗੇਂਗੇ ਹਰ ਬਰਸ ਮੇਲੇ' ਦੇ ਕਥਨ ਅਨੁਸਾਰ ਗ਼ਦਰ ਪਾਰਟੀ ਦੇ ਯੋਧਿਆਂ ਅਤੇ ਬੱਬਰਾਂ ਦੀ ਯਾਦ ਨੂੰ ਸਮਰਪਤਿ ਸ਼ਹੀਦ ਕਰਮ ਸਿੰਘ ਬੱਬਰ (ਦੌਲਤਪੁਰ) ਦੇ ਨਾਂ ਤੇ ਪ੍ਰਬੰਧਕ ਕਮੇਟੀ ਵਲੋਂ 28 29 30 ਅਗਸਤ ਨੂੰ ਟੂਰਨਾਮੈਂਟ ਕਰਾਇਆ ਗਿਆ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਜਿੰਦਰ ਸਿੰਘ (ਰਾਜੂ) ਢਿੱਲੋਂ, ਜਗਦੇਵ ਸਿੰਘ (ਮੱਖਣ, ਗਿੱਲ, ਲਖਵਿੰਦਰ ਸਿੰਘ ਬਰਾੜ, ਗੁਰਵੀਰ ਸਿੰਘ ਬਰਾੜ, ਅਮਰ ਸਿੰਘ ਧਾਲੀਵਾਲ, ਬਲਹਾਰ ਸਿੰਘ ਤੱਖਰ, ਅਮਰਜੀਤ ਸਿੰਘ ਨਾਰੰਗ, ਮਨਜਿੰਦਰ ਸਿੰਘ ਔਜਲਾ, ਅਮਰੀਕ ਸਿੰਘ ਵਿਰਕ, ਸੁਰਜੀਤ ਸਿੰਘ ਸਿਧੂ, ਮਲਕੀਤ ਸਿੰਘ ਤੂਰ ਅਤੇ ਗੁਰਮੇਲ ਸਿੰਘ ਸੰਧੂ ਸਮੁੱਚੀ ਪ੍ਰਬੰਧਕ ਕਮੇਟੀ ਤੇ ਸੰਗਤਾਂ ਤੇ ਵਲੰਟੀਅਰਾਂ ਦੇ ਸਹਿਯੋਗ ਸਦਕਾ ਟੂਰਨਾਮੈਂਟ ਸਫ਼ਲਤਾ- ਪੂਰਨ ਸਮਾਪਤ ਹੋਇਆ। ਜਿਸ ਵਿੱਚ ਸੌਕਰ, ਹਾਕੀ, ਘੋਲ, ਬਾਸਕਟ ਬਾਲ, ਵਾਲੀਵਾਲ ਅਤੇ (ਬਾਕੀ ਸਫਾ ਬੀ-11 ਤੇ)

## ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਟਸਫੋਰਡ ਵੱਲੋਂ ਸਾਲਾਨਾ ਨਗਰ ਕੀਰਤਨ 6 ਸਤੰਬਰ ਨੂੰ

(ਵਧੇਰੇ ਜਾਣਕਾਰੀ ਲਈ ਇਸ਼ਤਿਹਾਰ ਸਫਾ ਬੀ 15 ਤੇ ਪੜ੍ਹੋ)


Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL®
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WEBSITE:WWW.GURVINDERSINGHDHALIWAL.COM

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance
ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ | ਡਾਲਰ ਦਾ ਸਭ ਤੋਂ ਵਧੀਆ ਰੇਟ
604-562-7000, 604-314-0000
#397-8148-128 ST. (PAYAL BUSINESS CENTRE) SURREY

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:
672-727-9560
(ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ
ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305


FARM AND SPICE
FARM AND SPICE
Weekly Special
*Special Sampling in Certain Stores*
Sep 04 - 10
ਲੰਬੀ ਮਿਰਚ
Hot Long Chilli
Per lb
$1.79
ਮੇਥੀ
Methi
Each
$1.49
ਅਦਰਕ
Ginger
Per lb
$1.49
ਆਵਾਕੈਡੋ
Avocado
Each
$0.99
ਗਾਜਰ
Red Fruit Carrot
Per lb
$1.49
ਸੇਬ
Apple Gala BC
Per lb
$0.99
ਰੁਸੈਟ ਆਲੂ
Russet Potato
10 Lbs
$3.99
ਭਿੰਡੀ
Indian Okra
Per lb
$3.49
ਸ਼ੇਰ ਦਾਲਾ
Sher Kala Chana, Kabuli Cickpeas & Light Kidney Beans
4 Lbs
$5.99
ਕਨੋਲਾ ਤੇਲ
Canaddin Pride Canola Oil
3 Ltrs
$10.99
ਰੈਡ ਲੇਬਲ ਚਾਹ
Red Label Tea
900 gms
$10.99
ਨਾਨਕ ਰਸਮਲਾਈ
Nanak Rasmalai Assorted
850 gms
$8.99
ਸਵੇਰਾ ਪਨੀਰ
Savera Paneer
341 gms
$3.99
ਨੋਵਾਰਾ ਬਾਸਮਤੀ
Novaraa Basmati
5 Kg
$9.99
ਵੇਰਕਾ ਦੇਸੀ ਘਿਓ
Verka Desi Ghee
3 Kg
$39.99
ਬਾਜ਼ ਆਟਾ
Baaz Drum Wheat Atta
20 Lbs
$10.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# 1984 ਦੇ ਸਿੱਖ ਵਿਰੋਧੀ 'ਨਸਲਕੁਸ਼ੀ' ਦੇ ਦੋਸ਼ੀ ਸੱਜਣ ਕੁਮਾਰ ਨੂੰ ਸ਼ਰਧਾਂਜਲੀ ਦੇਣ ਵਾਲੇ ਭਾਜਪਾ ਆਗੂਆਂ ਖਿਲਾਫ਼ 'ਆਪ' ਦਾ ਪੂਰੇ ਪੰਜਾਬ 'ਚ ਪ੍ਰਦਰਸ਼ਨ



ਚੰਡੀਗੜ੍ਹ:ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਤਿੰਨ ਸੰਸਦ ਮੈਂਬਰਾਂ ਰਾਮਵੀਰ ਬਿਧੂੜੀ, ਯੋਗੇਂਦਰ ਚੰਦੋਲੀਆ ਅਤੇ ਕਮਲਜੀਤ ਸਹਿਰਾਵਤ ਵੱਲੋਂ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੀ ਸ਼ਰਧਾਂਜਲੀ ਸਭਾ ਵਿੱਚ ਸ਼ਮੂਲੀਅਤ ਕਰਨ ਦੇ ਵਿਰੋਧ ਵਿੱਚ ਜ਼ਬਰਦਸਤ ਪ੍ਰਦਰਸ਼ਨ ਕੀਤਾ।ਭਾਜਪਾ ਸੰਸਦ ਮੈਂਬਰਾਂ ਦੀ ਇਸ ਸ਼ਮੂਲੀਅਤ ਦੀ ਕਰੜੀ ਨਿੰਦਾ ਕਰਦਿਆਂ 'ਆਪ' ਆਗੂਆਂ ਨੇ ਕਿਹਾ ਕਿ 1984 ਦਾ ਕਤਲੇਆਮ ਸਿੱਖ ਪਰਿਵਾਰਾਂ ਲਈ ਇੱਕ ਕਦੇ ਨਾ ਭਰਣ ਵਾਲਾ ਜ਼ਖ਼ਮ ਹੈ ਅਤੇ ਸੱਜਣ ਕੁਮਾਰ ਨੂੰ ਸ਼ਰਧਾਂਜਲੀ ਦੇਣ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚੀ ਹੈ।'ਆਪ' ਨੇ ਮੰਗ ਕੀਤੀ ਕਿ ਭਾਜਪਾ ਆਪਣੇ ਤਿੰਨਾਂ ਸੰਸਦ ਮੈਂਬਰਾਂ ਖ਼ਿਲਾਫ਼ ਕਾਰਵਾਈ ਕਰੇ। ਪਾਰਟੀ ਨੇ ਸਵਾਲ ਕੀਤਾ ਕਿ ਜ਼ਿੰਮੇਵਾਰ ਜਨਤਕ ਅਹੁਦਿਆਂ 'ਤੇ ਬੈਠੇ ਚੁਣੇ ਹੋਏ ਨੁਮਾਇੰਦੇ 1984 ਦੇ ਸਿੱਖ ਵਿਰੋਧੀ ਕਤਲੇਆਮਦੇ ਦੋਸ਼ੀ ਵਿਅਕਤੀ ਦੇ ਘਰ ਜਾ ਕੇ ਉਸ ਨੂੰ ਸ਼ਰਧਾਂਜਲੀ ਕਿਵੇਂ ਦੇ ਸਕਦੇ ਹਨ?ਅੰਮ੍ਰਿਤਸਰ ਵਿੱਚ 'ਆਪ' ਵਰਕਰਾਂ ਨੇ ਰਾਜ ਸਭਾ ਮੈਂਬਰ ਤਰੁਣ ਚੁੱਘ ਦੀ ਰਿਹਾਇਸ਼ ਬਾਹਰ ਧਰਨਾ ਦਿੱਤਾ ਅਤੇ ਉਨ੍ਹਾਂ ਦੇ ਘਰ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਵੱਲੋਂ ਭਾਰੀ ਬੈਰੀਕੇਡਿੰਗ ਅਤੇ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਸਨ, ਜਿਸ ਕਾਰਨ ਪ੍ਰਦਰਸ਼ਨਕਾਰੀਆਂ ਨੂੰ ਰਿਹਾਇਸ਼ ਤੱਕ ਪਹੁੰਚਣ ਤੋਂ ਰੋਕ ਦਿੱਤਾ ਗਿਆ।ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ 'ਆਪ' ਵਿਧਾਇਕਾ ਜੀਵਨ ਜੋਤ ਕੌਰ ਨੇ ਕਿਹਾ, "1984 ਦਾ ਕਤਲੇਆਮ ਸਿੱਖ ਪਰਿਵਾਰਾਂ ਲਈ ਇੱਕ ਡੂੰਘਾ ਅਤੇ ਅਣਸੁੱਕਾ ਜ਼ਖ਼ਮ ਹੈ। ਭਾਜਪਾ ਅਤੇ ਕਾਂਗਰਸ ਦੋਵਾਂ ਨੇ ਹੀ ਵਾਰ-ਵਾਰ ਪੰਜਾਬ ਅਤੇ ਸਿੱਖ ਭਾਈਚਾਰੇ ਦੇ ਹਿੱਤਾਂ ਦੇ ਵਿਰੁੱਧ ਕੰਮ ਕੀਤਾ ਹੈ। ਭਾਜਪਾ ਨੇਤਾ ਉਸ ਵਿਅਕਤੀ ਦਾ ਸਨਮਾਨ ਕਿਵੇਂ ਕਰ ਸਕਦੇ ਹਨ ਜਿਸ ਦਾ ਨਾਂ 1984 ਦੇ ਕਤਲੇਆਮ ਨਾਲ ਜੁੜਿਆ ਹੋਇਆ ਹੈ?"ਜਲੰਧਰ ਵਿੱਚ 'ਆਪ' ਵਿਧਾਇਕ ਬਲਕਾਰ ਸਿੰਘ ਨੇ ਕਿਹਾ, "1984 ਦੇ ਘੱਲੂਘਾਰੇ ਨੇ ਸਿੱਖ ਭਾਈਚਾਰੇ ਦੇ ਮਨਾਂ 'ਤੇ ਬਹੁਤ ਦਰਦਨਾਕ ਯਾਦਾਂ ਛੱਡੀਆਂ ਹਨ। ਬੇਗੁਨਾਹ ਸਿੱਖਾਂ ਦਾ ਬੇਰਹਮੀ ਨਾਲ ਕਤਲ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਪਰਿਵਾਰ ਦਹਾਕਿਆਂ ਤੋਂ ਇਹ ਦਰਦ ਹੰਢਾ ਰਹੇ ਹਨ। ਅਜਿਹੇ ਸਮੇਂ ਵਿੱਚ ਭਾਜਪਾ ਦੇ ਸੀਨੀਅਰ ਆਗੂਆਂ ਦਾ ਸੱਜਣ ਕੁਮਾਰ ਦੀ ਸ਼ਰਧਾਂਜਲੀ ਸਭਾ ਵਿੱਚ ਸ਼ਾਮਲ ਹੋਣਾ ਇਹ ਦਰਸਾਉਂਦਾ ਹੈ ਕਿ ਭਾਜਪਾ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੇ ਮੁੱਦੇ 'ਤੇ ਕਿੱਥੇ ਖੜ੍ਹੀ ਹੈ।"

'ਆਪ' ਵਿਧਾਇਕ ਨੇ ਕਿਹਾ, "ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੇ ਜ਼ਖ਼ਮਾਂ 'ਤੇ ਰਾਜਨੀਤੀ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। 1984 ਦੇ ਸਿੱਖ ਵਿਰੋਧੀ ਕਤਲੇਆਮ ਤੋਂ ਪੀੜਤ ਪਰਿਵਾਰਾਂ ਦੇ ਦਰਦ ਨੂੰ ਰਾਜਨੀਤਿਕ ਲਾਹੇ ਲਈ ਵਰਤਿਆ ਨਹੀਂ ਜਾ ਸਕਦਾ।" 'ਆਪ' ਵਰਕਰਾਂ ਨੇ ਮੰਗ ਕੀਤੀ ਕਿ ਭਾਜਪਾ ਰਾਮਵੀਰ ਬਿਧੂੜੀ, ਯੋਗੇਂਦਰ ਚੰਦੋਲੀਆ ਅਤੇ ਕਮਲਜੀਤ ਸਹਿਰਾਵਤ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਅਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ।

# ਅਮਰੀਕਾ ਵਿੱਚ ਭਾਰਤ ਦੀ ਪ੍ਰਸਿੱਧੀ ਘੱਟਦੀ ਜਾ ਰਹੀ ਹੈ

ਵਾਸ਼ਿੰਗਟਨ: ਅਮਰੀਕੀਆਂ ਵਿੱਚ ਭਾਰਤ ਪ੍ਰਤੀ ਨਕਾਰਾਤਮਕ ਰਵੱਈਆ ਵਧ ਰਿਹਾ ਹੈ। ਪਿਊ ਰਿਸਰਚ ਸੈਂਟਰ ਦੇ ਇੱਕ ਸਰਵੇਖਣ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਰੰਪਰਾ ਦੇ ਉਲਟ, ਭਾਰਤ ਨੂੰ ਨਾਪਸੰਦ ਕਰਨ ਵਾਲੇ ਅਮਰੀਕੀਆਂ ਦੀ ਗਿਣਤੀ ਉਨ੍ਹਾਂ ਲੋਕਾਂ ਦੇ ਮੁਕਾਬਲੇ ਵਧੀ ਹੈ ਜੋ ਇਸਨੂੰ ਪਸੰਦ ਕਰਦੇ ਹਨ। ਇਹ 36 ਦੇਸ਼ਾਂ ਵਿੱਚ ਕੀਤੇ ਗਏ 2026 ਪਿਊ ਰਿਸਰਚ ਸੈਂਟਰ ਦੇ ਸਰਵੇਖਣ ਦੇ ਨਤੀਜਿਆਂ 'ਤੇ ਅਧਾਰਤ ਹੈ। ਪਿਊ ਨੇ 2008 ਵਿੱਚ ਅਜਿਹੇ ਸਰਵੇਖਣ ਕਰਨੇ ਸ਼ੁਰੂ ਕੀਤੇ ਸਨ। ਉਦੋਂ ਤੋਂ, 18 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਸਰਵੇਖਣ ਨੇ ਇਹ ਖੁਲਾਸਾ ਕੀਤਾ ਹੈ ਕਿ ਅਮਰੀਕਾ ਵਿੱਚ ਭਾਰਤ ਨੂੰ ਪਸੰਦ ਕਰਨ ਨਾਲੋਂ ਜ਼ਿਆਦਾ ਲੋਕ ਨਾਪਸੰਦ ਕਰਦੇ ਹਨ।

ਪਿਊ ਸਰਵੇਖਣ ਕਹਿੰਦਾ ਹੈ ਕਿ 50 ਪ੍ਰਤੀਸ਼ਤ ਅਮਰੀਕੀ ਭਾਰਤ ਨੂੰ ਨਕਾਰਾਤਮਕ ਤੌਰ 'ਤੇ ਦੇਖਦੇ ਹਨ। ਜਦੋਂ ਕਿ, 45 ਪ੍ਰਤੀਸ਼ਤ ਭਾਰਤ ਨੂੰ ਸਕਾਰਾਤਮਕ ਤੌਰ 'ਤੇ ਦੇਖਦੇ ਹਨ। ਇਹ ਪਿਛਲੇ ਸਾਲਾਂ ਦੇ ਉਲਟ ਹੈ, ਜਦੋਂ ਅਮਰੀਕੀਆਂ ਵਿੱਚ ਸਕਾਰਾਤਮਕ ਭਾਵਨਾਵਾਂ ਵਧੇਰੇ ਪ੍ਰਚਲਿਤ ਸਨ। ਸਰਵੇਖਣ ਦੇ ਆਧਾਰ 'ਤੇ, ਸਦਾਨੰਦ ਧੂਮੇ ਨੇ ਵਾਲ ਸਟਰੀਟ ਜਰਨਲ ਵਿੱਚ ਆਪਣੇ ਵਿਸ਼ਲੇਸ਼ਣ ਵਿੱਚ ਕਿਹਾ ਹੈ ਕਿ ਭਾਰਤ ਦੀ ਵਿਸ਼ਵਵਿਆਪੀ ਛਵੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਧੂਮੇ ਇਸਨੂੰ ਅਮਰੀਕਾ-ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਯਤਨਾਂ ਲਈ ਇੱਕ ਚੁਣੌਤੀ ਵਜੋਂ ਵੇਖਦੇ ਹਨ।












# ਭਾਰਤ ਨੇ ਚੀਨ ਨਾਲ ਪੰਗਾ ਲੈਣ ਤੋਂ ਕੀਤਾ ਗੁਰੇਜ਼

## ਚੀਨ ਨਾਲ ਬੰਦੂਕਾਂ ਨਾਲ ਨਹੀਂ, ਗੱਲਬਾਤ ਰਾਹੀਂ ਮਸਲੇ ਹੱਲ ਕਰਾਂਗੇ:ਡੋਵਾਲ



ਬੀਜਿੰਗ: ਦੋਵੇਂ ਦੇਸ਼ ਭਾਰਤ ਅਤੇ ਚੀਨ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਸਰਹੱਦੀ ਵਿਵਾਦ ਦਾ "ਰਾਜਨੀਤਿਕ ਹੱਲ" ਲੱਭਣ ਲਈ ਸਹਿਮਤ ਹੋਏ ਹਨ। ਮੰਗਲਵਾਰ ਨੂੰ, ਭਾਰਤ ਅਤੇ ਚੀਨ ਦੇ ਵਿਸ਼ੇਸ਼ ਪ੍ਰਤੀਨਿਧੀਆਂ ਨੇ ਦੋਵਾਂ ਦੇਸ਼ਾਂ ਦੇ ਲੰਬੇ ਸਮੇਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਆਪਣੀ ਵਿਵਾਦਿਤ ਸਰਹੱਦ ਦਾ "ਰਾਜਨੀਤਿਕ ਹੱਲ" ਲੱਭਣ ਲਈ ਯਤਨ ਜਾਰੀ ਰੱਖਣ 'ਤੇ ਸਹਿਮਤੀ ਪ੍ਰਗਟਾਈ। ਦੋਵਾਂ ਧਿਰਾਂ ਦੇ ਵਿਸ਼ੇਸ਼ ਪ੍ਰਤੀਨਿਧੀਆਂ, ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਸਰਹੱਦੀ ਵਿਵਾਦ 'ਤੇ 25ਵੇਂ ਦੌਰ ਦੀ ਗੱਲਬਾਤ ਲਈ ਬੀਜਿੰਗ ਵਿੱਚ ਮੁਲਾਕਾਤ ਕੀਤੀ।

ਚੀਨ ਵੱਲੋਂ ਜਾਰੀ ਬਿਆਨ ਅਨੁਸਾਰ, ਦੋਵਾਂ ਧਿਰਾਂ ਨੇ "ਸੀਮਾਬੰਦੀ ਗੱਲਬਾਤ ਨੂੰ ਅੱਗੇ ਵਧਾਉਣ ਅਤੇ ਸਰਹੱਦੀ ਨਿਯੰਤਰਣ ਨੂੰ ਮਜ਼ਬੂਤ ਕਰਨ 'ਤੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕੀਤਾ।" ਇਸ ਦੌਰਾਨ, ਭਾਰਤ ਦੇ ਬਿਆਨ ਵਿੱਚ ਸਰਹੱਦੀ ਮੁੱਦੇ 'ਤੇ "ਸਪੱਸ਼ਟ ਅਤੇ ਵਿਸਤ੍ਰਿਤ" ਚਰਚਾਵਾਂ ਦਾ ਹਵਾਲਾ ਦਿੱਤਾ ਗਿਆ। ਇਸ ਵਿੱਚ ਕਿਹਾ ਗਿਆ ਹੈ, "ਭਾਰਤੀ ਪੱਖ ਨੇ ਦੋਵਾਂ ਦੇਸ਼ਾਂ ਵਿਚਕਾਰ ਬੰਦੂਕ ਨਾਲ ਨਹੀਂ ਗੱਲਬਾਤ ਨਾਲ ਸਬੰਧਾਂ ਦੇ ਵਿਕਾਸ ਅਤੇ ਸਰਹੱਦ 'ਤੇ ਸ਼ਾਂਤੀ ਅਤੇ ਸਥਿਰਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ।


SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday





THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ







Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
12383-83A Ave, Surrey, BC



FIXMAN
GLASS REPAIR LTD
Auto
Residential
Commercial
"We Are The Clear Choice" GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000





Mandeep Dhaliwal
www.fixmanglass.com Email:fixmanglass@gmail.com





Punjab TRAVELS
Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।





ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਕਾਤਲ ਨਹੀਂ, 'ਸ਼ਹੀਦ' ਹਨ, ਮੇਵਾ ਸਿੰਘ ਮਹਾਨ

ਕੈਨੇਡਾ ਦੀ ਧਰਤੀ ਤੇ ਸ਼ਹੀਦ ਹੋਣ ਵਾਲੇ ਪਹਿਲੇ ਸਿੱਖ ਯੋਧੇ ਭਾਗ ਸਿੰਘ ਭਿਖੀਵਿੰਡ, ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ, ਭਾਈ ਮੇਵਾ ਸਿੰਘ ਲੋਪੋਕੇ ਕੌਮੀ ਸ਼ਹੀਦ ਹਨ, ਜਿਨ੍ਹਾਂ ਨੇ ਕੈਨੇਡਾ ਦੀ ਧਰਤੀ ਤੇ ਆ ਕੇ ਦੌਲਤ-ਸ਼ੋਹਰਤ ਕਮਾਉਣ ਦੀ ਥਾਂ ਦੇਸ-ਕੌਮ ਦੀ ਸੇਵਾ ਨੂੰ ਪਹਿਲ ਦਿੱਤੀ। ਇਨ੍ਹਾਂ ਸ਼ਹੀਦਾਂ ਨੇ ਘਰ-ਬਾਰ ਉਜਾੜ ਕੇ, ਕੌਮੀ ਘਰ ਬਣਾਉਣ ਲਈ ਹਰ ਕੁਰਬਾਨੀ ਦਿੱਤੀ। ਅੱਜ 'ਕੈਨੇਡਾ-ਅਮਰੀਕਾ' ਅੰਦਰ ਅਸੀਂ ਜਿਸ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਉਸ ਦੇ ਸੰਘਰਸ਼ ਪਿੱਛੇ ਇਨ੍ਹਾਂ ਯੋਧਿਆਂ ਦਾ ਡੁੱਲ੍ਹਿਆ ਲਹੂ ਹੀ ਹੈ। ਦੂਜੇ ਪਾਸੇ ਭਾਰਤ ਵਿੱਚੋਂ ਫਿਰੰਗੀਆਂ ਨੂੰ ਕੱਢਣ ਲਈ ਜਿਹਨਾਂ ਨੇ ਖ਼ੂਨ ਦਾ ਕਤਰਾ-ਕਤਰਾ ਵਹਾ ਦਿੱਤਾ, ਉਹ ਇਹੀ ਗ਼ਦਰੀ ਯੋਧੇ ਅਤੇ ਸ਼ਹੀਦ ਸਨ, ਹਾਲਾਂਕਿ ਇਨ੍ਹਾਂ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਅੱਜ ਦੇ ਫਾਸ਼ੀਵਾਦੀ ਹਾਕਮਾਂ ਨੇ ਮੂਲੋਂ ਹੀ ਵਿਸਾਰ ਦਿੱਤਾ ਹੈ।ਅੱਜ ਪੰਜਾਬ 'ਚ ਖਾਸ ਕਰਕੇ ਅਤੇ ਭਾਰਤ 'ਚ ਆਮ ਕਰਕੇ ਇਨ੍ਹਾਂ ਸ਼ਹੀਦਾਂ ਬਾਰੇ ਲੋਕਾਂ ਨੂੰ ਇਤਿਹਾਸਕ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਕਿਸੇ ਵੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ 'ਚ ਇਨ੍ਹਾਂ ਦੀਆਂ ਜੀਵਨੀਆਂ ਬਾਰੇ ਪੜ੍ਹਾਇਆ ਨਹੀਂ ਜਾਂਦਾ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ 'ਚ ਇਨ੍ਹਾਂ ਨਾਲ ਸੰਬੰਧਤ ਪਾਠਕ੍ਰਮ ਸ਼ਾਮਿਲ ਨਹੀਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਿਤਾਬਾਂ 'ਚ ਉਚੇਰੇ ਰੂਪ 'ਚ ਮੋਢੀ ਸਿੱਖ ਸ਼ਹੀਦਾਂ ਦੀਆਂ ਬਾਹਰਲੇ ਦੇਸ਼ਾਂ 'ਚ ਕੀਤੀਆਂ ਕੁਰਬਾਨੀਆਂ ਬਾਰੇ ਜ਼ਿਕਰ ਹਲਕਾ ਜਿਹਾ ਹੀ ਮਿਲਦਾ ਹੈ।ਪੰਜਾਬ ਸਰਕਾਰ ਨੇ ਮਹਾਨ ਗ਼ਦਰੀ ਯੋਧਿਆਂ ਦੀਆਂ ਸ਼ਹੀਦੀਆਂ ਦੇ ਦਿਹਾੜੇ



ਮਨਾਉਣ ਦਾ ਕਦੇ ਸੰਕਲਪ ਲਿਆ ਹੀ ਨਹੀਂ।ਉਕਤ ਸਾਰੇ ਵਿਚਾਰਾਂ ਦਾ ਜਵਾਬ 'ਨਾਂਹ' ਵਿੱਚ ਹੈ ਤੇ ਭਾਰਤ ਜਾਂ ਪੰਜਾਬ ਦੀਆਂ ਸਰਕਾਰਾਂ, ਕੇਂਦਰੀ ਸਿੱਖ ਸੰਸਥਾਵਾਂ ਅਤੇ ਦੇਸ਼ ਭਗਤਾਂ ਦੇ ਨਾਂ ਵੇਚਣ ਵਾਲੀਆਂ ਅਖੌਤੀ ਸੱਭਿਆਚਾਰਕ ਸੰਸਥਾਵਾਂ ਆਦਿ ਸਾਰੇ ਦੋਸ਼ੀ ਹਨ। ਅਫ਼ਸੋਸ ਇਸ ਗੱਲ ਦਾ ਵੀ ਹੈ ਕਿ ਜਿਸ ਅਸਥਾਨ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ 'ਸੈਕਿੰਡ ਐਵਨਿਊ' ਵੈਨਕੂਵਰ ਵਿਖੇ, ਇਨ੍ਹਾਂ ਸਿੱਖ ਸੂਰਬੀਰਾਂ ਦੀ ਸ਼ਹੀਦੀ ਹੋਈ, ਉਸ ਇਤਿਹਾਸਕ ਜਗ੍ਹਾ ਨੂੰ ਵੀ ਗ਼ੈਰ-ਜ਼ਿੰਮੇਵਾਰ ਪ੍ਰਬੰਧਕਾਂ ਨੇ ਸੱਤਰਵਿਆਂ ਵਿੱਚ ਵੇਚ ਛੱਡਿਆ। ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਇਤਿਹਾਸ ਉਸ ਮੌਕੇ ਦੇ ਗੁਮਰਾਹ ਆਗੂਆਂ ਦੀ ਇਸ ਗੁਸਤਾਖੀ ਲਈ, ਉਨ੍ਹਾਂ ਨੂੰ ਸਦਾ ਲਾਹਨਤਾਂ ਪਾਉਂਦਾ ਰਹੇਗਾ।ਮਹਾਨ ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੇ ਸਥਾਪਤੀ ਖ਼ਿਲਾਫ਼ ਸ਼ਹੀਦੀਆਂ ਪਾਈਆਂ। ਅੱਜ ਦਾ ਸਮਾਂ ਉਸ ਤੋਂ ਵੀ ਭਿਆਨਕ ਹੈ, ਕਿਉਂਕਿ ਅੱਜ ਦੀ ਸਰਕਾਰ ਫਾਸ਼ੀਵਾਦ ਅਤੇ ਮਨੂਵਾਦ ਦੇ ਢਹੇ ਚੜ੍ਹ ਕੇ, ਘੱਟ ਗਿਣਤੀਆਂ 'ਤੇ ਜ਼ੁਲਮ ਢਾਹ ਰਹੀ ਹੈ। ਇਸੇ ਕਾਰਨ ਲੋਕਾਂ ਅੰਦਰ ਆਰਐਸਐਸ ਦੇ ਮੁਖੀ ਮੋਹਨ ਭਾਗਵਤ ਦੀ ਕੈਨੇਡਾ ਤੇ ਅਮਰੀਕਾ ਦੀ ਫੇਰੀ ਦੌਰਾਨ ਵਿਰੋਧ ਹੋਇਆ ਹੈ। ਫਾਸ਼ੀਵਾਦ ਅਤੇ ਮਨੂਵਾਦ ਖ਼ਿਲਾਫ਼ ਮਹਾਨ ਯੋਧਿਆਂ ਦੀ ਸੋਚ ਅਪਣਾਉਂਦਿਆਂ ਸੰਘਰਸ਼ ਕਰਨਾ, ਹਰ ਸੁਚੇਤ ਵਿਅਕਤੀ ਦਾ ਫਰਜ਼ ਬਣਦਾ ਹੈ ;

'ਭੁਲੀਏ ਨਾ ਕੁਰਬਾਨੀਆਂ, ਰੱਖੀਏ ਹਿਰਦੇ ਧਾਰ।
ਮਿਲੀਆਂ ਨੇ ਸਰਦਾਰੀਆਂ, ਯੋਧਿਆਂ ਦੇ ਉਪਕਾਰ।'

(ਗ਼ਦਰ ਮੈਮੋਰੀਅਲ ਸੁਸਾਇਟੀ ਆਫ਼ ਕੈਨੇਡਾ)

SARDAR JI ACADEMY
...KNOWLEDGE TEST...
CAR, TRUCK, TAXI & AIR BRAKE



ਲਰਨਿੰਗ ਲਾਇਸੈਂਸ ਦੀ ਪੰਜਾਬੀ ਅਤੇ ਅੰਗਰੇਜੀ ਵਿਚ ਤਿਆਰੀ ਕਰਵਾਈ ਜਾਂਦੀ ਹੈ
FORKLIFT TRAINING
ਇਥੇ ਫੋਰਕਲਿਫਟ ਦੇ ਲਾਇਸੈਂਸ ਅਤੇ ਸਿਟੀਜਨਸ਼ਿਪ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ
Ph:778-892-4655
#201-12885-85Ave, Surrey
Near Gurdwara Dashmesh Darbar

LANGLEY
BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
•Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder S. Grewal
604-537-9759
info@langleybanquethall.com
3227 264 St UNIT #6, Aldergrove, BC V4W 2X3



## ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

*2-5 ਸਤੰਬਰ ਤੱਕ ਰੋਗ ਨਿਵਾਰਨ ਕੈਂਪ 12-6 ਵਜੇ ਤੱਕ
*4 ਸਤੰਬਰ 2 ਅਖੰਡਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੀ ਸੇਵਾ ਕਵਲ ਕਲੇਰ ਪਰਿਵਾਰ ਅਤੇ ਸਤਨਾਮ ਸਿੰਘ ਸੰਧੂ ਪਰਿਵਾਰ ਵੱਲੋਂ ਹੋਵੇਗੀ।
*4 ਸਤੰਬਰ ਸਵੇਰੇ 10 ਵਜੇ ਬੱਚਿਆਂ ਦੀ ਸ਼ਗਨ ਦੀ ਰਸਮ ਹੋਵੇਗੀ।
*5 ਸਤੰਬਰ ਦਿਨ ਸ਼ਨਿੱਚਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸਵਰਨ ਸਿੰਘ ਪਰਿਵਾਰ ਵੱਲੋਂ
*6 ਸਤੰਬਰ 2 ਅਖੰਡਪਾਠ ਸਾਹਿਬ ਦੇ ਭੋਗ ਪੈਣਗੇ।
*6 ਸਤੰਬਰ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਗੁਰਪ੍ਰੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।
*7 ਸਤੰਬਰ ਦਿਨ ਸੋਮਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਸੇਵਾ ਜਸਪ੍ਰੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।
*7 ਸਤੰਬਰ ਦਿਨ ਸੋਮਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਤੇ ਲੰਗਰਾਂ ਦੀ ਸੇਵਾ ਬੋਪਾਰਾਏ ਪਰਿਵਾਰ ਵੱਲੋਂ ਹੋਵੇਗੀ।
*9 ਸਤੰਬਰ ਦਿਨ ਬੁੱਧਵਾਰ ਸਪਨਦੀਪ ਸਿੰਘ ਹਰਮਨਪ੍ਰੀਤ ਦੇ ਅਨੰਦ ਕਾਰਜ ਦੀ ਰਸਮ ਹੋਵੇਗੀ।
*11 ਸਤੰਬਰ ਦਿਨ ਸ਼ੁੱਕਰਵਾਰ 2 ਅਖੰਡਪਾਠ ਸਾਹਿਬ ਆਰੰਭ ਹੋਣਗੇ: 1. ਨਗਰ ਕਾਲੇਕੇ 2. ਪਨੇਸਰ ਪਰਿਵਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ
*12 ਸਤੰਬਰ ਦਿਨ ਸ਼ਨਿੱਚਰਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਗਗਨਦੀਪ ਸਿੰਘ ਮੰਡੇਰ ਪਰਿਵਾਰ ਵੱਲੋਂ ਹੋਵੇਗੀ।
*13 ਸਤੰਬਰ ਦਿਨ ਐਤਵਾਰ 2 ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।ਉਪਰੰਤ ਦੀਵਾਨ ਸਜਣਗੇ ਜਿਸ ਵਿਚ ਭਾਈ ਜੈਮਲ ਸਿੰਘ ਜੀ ਕਥਾ ਕਰਨਗੇ।



### ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

| ਰਾਗੀ ਜੱਥਾ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਸਤਨਾਮ ਸਿੰਘ<br>ਲੁਧਿਆਣੇ ਵਾਲੇ | ਗਿਆਨੀ ਨਿਰਵੈਲ ਸਿੰਘ<br>ਬੀੜ ਬਾਬਾ ਬੁੱਢਾ ਜੀ ਵਾਲੇ | 604-585-0319 |

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319**

**ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007**

### ਰੋਜਾਨਾ ਦੇ ਪ੍ਰੋਗਰਾਮ

#### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

#### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# 5 ਸਤੰਬਰ:ਸ਼ਹੀਦੀ ਦਿਹਾੜੇ ‘ਤੇ ਵਿਸ਼ੇਸ਼

# ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਸ਼ਹੀਦ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ

**ਡਾ ਗੁਰਵਿੰਦਰ ਸਿੰਘ**

‘ਸਾਡੀ ਹੁੰਦੀ ਨਾ ਕਦੇ, ਕੈਨੇਡਾ ਵਿਚ ਸ਼ਾਨ।
ਭਾਗ ਸਿੰਘ ਪ੍ਰਧਾਨ ਜੀ, ਜੇ ਨਾ ਦਿੰਦੇ ਜਾਨ।‘

ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਭਾਗ ਸਿੰਘ ਭਿਖੀਵਿੰਡ ਕੈਨੇਡਾ ਵਿੱਚ ਸ਼ਹੀਦ ਹੋਣ ਵਾਲੇ, ਮੋਢੀ ਸਿੱਖ ਹਨ। ਸ਼ਹੀਦ ਭਾਈ ਭਾਗ ਸਿੰਘ ਪਿੰਡ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ ਦਾ ਜਨਮ ਸੰਨ 1872 ਵਿਚ ਸ. ਨਰਾਇਣ ਸਿੰਘ ਸੰਧੂ ਦੇ ਘਰ ਮਾਤਾ ਮਾਨ ਕੌਰ ਦੀ ਕੁੱਖੋਂ ਹੋਇਆ। ਆਪ ਚਾਰ ਭੈਣ ਭਰਾਵਾਂ ‘ਚੋਂ ਸਭ ਤੋਂ ਛੋਟੇ ਸਨ। ਆਪ ਨੇ ਕਰੀਬ 20 ਸਾਲ ਦੀ ਉਮਰ ‘ਚ ਫੌਜ ਵਿੱਚ ਨੌਕਰੀ ਕੀਤੀ। ਪੰਜ ਸਾਲਾਂ ਮਗਰੋਂ ਆਪ ਫੌਜੀ ਨੌਕਰੀ ਛੱਡ ਕੇ, ਹਾਂਗਕਾਂਗ ਚਲੇ ਗਏ, ਜਿੱਥੇ ਪੁਲਿਸ ਵਿੱਚ ਮੁਲਾਜ਼ਮ ਰਹੇ। ਫਿਰ ਚੀਨ ਦੇ ਸ਼ਹਿਰ ਸ਼ੰਘਾਈ ਚਲੇ ਗਏ ਅਤੇ ਉਥੇ ਵੀ ਕੁਝ ਸਮਾਂ ਪੁਲਿਸ ‘ਚ ਸੇਵਾਵਾਂ ਦਿੱਤੀਆਂ। ਸੰਨ 1906 ਵਿੱਚ ਭਾਈ ਭਾਗ ਸਿੰਘ ਕੈਨੇਡਾ ਆ ਗਏ ਅਤੇ ਇਥੇ ਭਾਈ ਸੁੰਦਰ ਸਿੰਘ ਜੀ ਦੇ ਪ੍ਰਭਾਵ ਅਧੀਨ ਸਿੱਖੀ ਜੀਵਨ-ਜਾਚ ਨਾਲ ਇੱਕ-ਮਿਕ ਹੋ ਗਏ। ਆਪ ਜੀ 22 ਜੁਲਾਈ 1906 ਨੂੰ ਕੈਨੇਡਾ ਵਿੱਚ ਬਣਾਈ ਗਈ ਖਾਲਸਾ ਦੀਵਾਨ ਸੁਸਾਇਟੀ ਦੇ ਸੇਵਾਦਾਰ ਬਣੇ। 28 ਜੂਨ 1908 ਨੂੰ ਅੰਮ੍ਰਿਤ ਛਕਿਆ ਅਤੇ ਪੂਰਨ ਸਿੰਘ ਸਜ ਗਏ। 13 ਮਾਰਚ 1909 ਨੂੰ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਰਜਿਸਟਰਡ ਹੋਈ, ਜਿਸ ਦਾ ਸੰਵਿਧਾਨ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਲਿਖਿਆ। ਸੰਵਿਧਾਨ ਅਨੁਸਾਰ ਅੰਮ੍ਰਿਤਧਾਰੀ ਤੇ ਨਸ਼ਾ ਮੁਕਤ ਜੀਵਨ ਵਾਲੇ ਗੁਰਸਿੱਖ ਹੀ ਸੁਸਾਇਟੀ ਦੇ ਪ੍ਰਬੰਧਕ ਬਣ ਸਕਦੇ ਸਨ। ਅੰਮ੍ਰਿਤਧਾਰੀ ਸਿੰਘ ਭਾਈ ਭਾਗ ਸਿੰਘ ਪਹਿਲਾਂ ਸੁਸਾਇਟੀ ਦੇ ਮੁੱਖ ਸਕੱਤਰ ਅਤੇ ਖ਼ਜ਼ਾਨਚੀ ਰਹੇ ਅਤੇ ਮਗਰੋਂ 1910 ਵਿੱਚ ਆਪ ਇਸ ਸੰਸਥਾ ਦੇ ਪ੍ਰਧਾਨ ਬਣੇ।

ਭਾਈ ਭਾਗ ਸਿੰਘ ਜੀ ਨੇ ਕੈਨੇਡਾ ਦੀ ਮੋਢੀ ਸਿੱਖ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪ੍ਰਧਾਨ ਹੁੰਦਿਆਂ, ਅਨੇਕਾਂ ਇਤਿਹਾਸਕ ਕਾਰਜ ਕੀਤੇ, ਜਿਹਨਾਂ ਵਿੱਚ ਕੈਨੇਡਾ ਵਿੱਚ ਨਸਲਵਾਦ ਖਿਲਾਫ਼ ਲੜਾਈ, ਭਾਰਤ ਅੰਦਰ ਬ੍ਰਿਟਿਸ਼ ਬਸਤੀਵਾਦ ਖ਼ਿਲਾਫ਼ ਸੰਘਰਸ਼, ਕੈਨੇਡਾ ‘ਚ ਪਰਿਵਾਰਾਂ ਨੂੰ ਲਿਆਉਣ ਲਈ ਰਾਹ ਖੋਲ੍ਹਣੇ ਅਤੇ ‘ਗੁਰੂ ਨਾਨਕ ਜਹਾਜ਼’ ਦੇ ਮੁਸਾਫਰਾਂ ਲਈ ਆਖ਼ਰੀ ਦਮ ਤੱਕ ਜੱਦੋ-ਜਹਿਦ ਕਰਨੀ। ਬ੍ਰਿਟਿਸ਼ ਇੰਡੀਆ ਸਰਕਾਰ ਦੇ ਖ਼ੁਫ਼ੀਆ ਏਜੰਟ ਵਿਲੀਅਮ ਹਾਪਕਿਨਸਨ ਨੇ, ਆਪਣੇ ਸੂਹੀਏ ਬੇਲਾ ਝੁੱਟੀ, ਪਿੰਡ ਜਿਆਣ ਰਾਹੀਂ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਸੈਕਿੰਡ ਐਵਿਨਿਊ ਵੈਨਕੂਵਰ ‘ਚ ਭਾਈ ਭਾਗ ਸਿੰਘ ਨੂੰ 5 ਸਤੰਬਰ 1914 ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰਵਾ ਦਿੱਤਾ, ਕਿਉਂਕਿ ਭਾਈ ਸਾਹਿਬ ਬ੍ਰਿਟਿਸ਼ ਇੰਡੀਅਨ ਹਕੂਮਤ ਲਈ ਕੈਨੇਡਾ ਵਿੱਚ ਸਭ ਤੋਂ ਵੱਡਾ ਖ਼ਤਰਾ ਸਨ।

ਕੈਨੇਡਾ ਦੇ ਮੋਢੀ ਸਿੱਖ ਆਗੂ ਭਾਈ ਭਾਗ ਸਿੰਘ ਦੀ ਧਰਮ-ਪਤਨੀ ਬੀਬੀ ਹਰਨਾਮ ਕੌਰ ਸੂਝਵਾਨ ਸਿੱਖ ਇਸਤਰੀ ਆਗੂ ਸਨ। ਆਪ ਦਾ 1911 ‘ਚ ਭਾਈ ਭਾਗ ਸਿੰਘ ਨਾਲ ਵਿਆਹ ਹੋਇਆ। ਪੰਜਾਬ ਤੋਂ ਕੈਨੇਡਾ ਆਉਂਦਿਆਂ ਰਸਤੇ ਵਿੱਚ ਹਾਂਗਕਾਂਗ ਵਿਖੇ ਬੀਬੀ ਹਰਨਾਮ ਕੌਰ ਨੇ 1911 ‘ਚ ਪੁੱਤਰ ਜੋਗਿੰਦਰ ਸਿੰਘ ਨੂੰ ਜਨਮ ਦਿੱਤਾ। ਬੀਬੀ ਜੀ ਪਰਿਵਾਰ ਵਜੋਂ ਕੈਨੇਡਾ ਪੁੱਜਣ ਵਾਲੀਆਂ ਪਹਿਲੀਆਂ ਦੋ ਸਿੱਖ ਬੀਬੀਆਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਨਸਲਵਾਦ ਖਿਲਾਫ਼ ਆਵਾਜ਼ ਬੁਲੰਦ ਕੀਤੀ ;

‘ਭਾਗ ਸਿੰਘ ਦੀ ਸਿੰਘਣੀ, ਆਗੂ ਬੜੀ ਦਲੇਰ ।
ਸਿਰੜੀ ਸੀ ਹਰਨਾਮ ਕੌਰ, ਚਾੜ੍ਹੀ ਨਵੀਂ ਸਵੇਰ।‘

ਬੀਬੀ ਹਰਨਾਮ ਕੌਰ ਨੇ 21 ਜਨਵਰੀ 1914 ਨੂੰ ਧੀ ਕਰਮ ਕੌਰ ਨੂੰ ਜਨਮ ਦਿੱਤਾ, ਜੋ ਕੈਨੇਡਾ ਦੀ ਧਰਤੀ ‘ਤੇ ਪੈਦਾ ਹੋਣ ਵਾਲੀ ਪਹਿਲੀ ਸਿੱਖ, ਪੰਜਾਬੀ ਧੀ ਹੈ। ਵਾਹਿਗੁਰੂ ਦੇ ਹੁਕਮ ਅਨੁਸਾਰ ਜਣੇਪੇ ਮਗਰੋਂ ਇਲਾਜ ਦੌਰਾ ਬੀਬੀ ਹਰਨਾਮ ਕੌਰ 30 ਜਨਵਰੀ 1914 ਨੂੰ ਅਕਾਲ ਚਲਾਣਾ ਕਰ ਗਏ। ਛੇਤੀ ਮਗਰੋਂ 3 ਸਾਲ ਦੇ ਪੁੱਤ ਜੋਗਿੰਦਰ ਸਿੰਘ ਤੇ 6 ਮਹੀਨੇ ਦੀ ਧੀ ਕਰਮ ਕੌਰ ਨੂੰ ਕੌਮ ਦੇ ਲੇਖੇ ਲਾ ਕੇ, ਭਾਈ ਭਾਗ ਸਿੰਘ ਸ਼ਹੀਦ ਹੋ ਗਏ। ਇਸ ਮਹਾਨ ਸਿੱਖ ਜੋੜੇ ਦਾ ਨਾਂ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਹੋਇਆ ਹੈ।

ਸਿੱਖ ਭਾਈ ਨੂੰ ਬਚਾਉਣ ਲਈ ਜਾਨ ਵਾਰਨ ਵਾਲੇ ਯੋਧੇ ਸ਼ਹੀਦ ਭਾਈ ਬਤਨ ਸਿੰਘ ਜੀ ਦਲੇਲ ਸਿੰਘ ਵਾਲਾ

ਕੈਨੇਡਾ ਦੇ ਸਿੱਖ ਇਤਿਹਾਸ ਵਿੱਚ ਭਾਈ ਬਤਨ ਸਿੰਘ ਜੀ ਅਜਿਹੇ ਬਹਾਦਰ ਯੋਧੇ ਹੋਏ ਹਨ, ਜਿਹਨਾਂ ਨੇ ਕੌਮ ਦੇ ਆਗੂ ਭਾਈ ਭਾਗ ਸਿੰਘ ਜੀ ਭਿੱਖੀਵਿੰਡ, ਪ੍ਰਧਾਨ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੀ ਜਾਨ ਬਚਾਉਣ ਲਈ ਆਪਣੀ ਛਾਤੀ ਵਿੱਚ ਗੋਲੀਆਂ ਖਾਧੀਆਂ ਖਾਦੀਆਂ ਅਤੇ ਸ਼ਹਾਦਤ ਦਾ ਰੁਤਬਾ ਹਾਸਲ ਕੀਤਾ। ਉਹ ਸਦਾ ਹੀ ਸਿੱਖੀ ਪ੍ਰੇਮ, ਭਾਈਚਾਰਕ ਸਾਂਝ ਅਤੇ ਇੱਕ ਦੂਜੇ ਖ਼ਾਤਰ ਜਾਨਾਂ ਵਾਰਨ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਕਈ ਇਤਿਹਾਸਕਾਰਾਂ ਨੇ ਆਪ ਦਾ ਨਾਂ ਬਦਨ ਸਿੰਘ ਲਿਖਿਆ ਹੈ, ਜਦ ਕਿ ਕੁਝ ਨੇ ਨਾਂ ਬਤਨ ਸਿੰਘ, (ਭਾਵ ਵਤਨ, ਦੇਸ) ਲਿਖਿਆ ਹੈ। ਭਾਈ ਬਤਨ ਸਿੰਘ ਪਿੰਡ ਦਲੇਲ ਸਿੰਘ ਵਾਲਾ, ਮਾਨਸਾ ਦਾ ਜਨਮ ਸ. ਮਿਠਾ ਸਿੰਘ ਦੇ ਘਰ ਮਾਤਾ ਜਿਉਣੀ ਦੀ ਕੁੱਖੋਂ ਸੰਨ 1864 ਈ. ਨੂੰ ਹੋਇਆ। ਕੁਝ ਸਮੇਂ ਫੌਜ ਦੀ ਨੌਕਰੀ ਮਗਰੋਂ ਆਪ 1907 ‘ਚ ਕੈਨੇਡਾ ਆ ਗਏ, ਜਿਥੇ ਮਿੱਲ ‘ਚ ਸਖਤ ਮਿਹਨਤ ਦੇ ਨਾਲ-ਨਾਲ ਆਪ ਜੀ ਪ੍ਰੋਫੈਸਰ ਸੰਤ ਤੇਜਾ ਸਿੰਘ ਦੀ ਅਗਵਾਈ ‘ਚ, ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ ਦੇ ਡਾਇਰੈਕਟਰ ਬਣੇ। ਭਾਈ ਸਾਹਿਬ ਕੈਨੇਡਾ ਤੋਂ ਪੰਜਾਬ ਦੀ ਧਰਤੀ ਤੇ ਸਿੱਖ ਬੀਬੀਆਂ ਦੀਆਂ ਵਿਦਿਅਕ ਸੰਸਥਾਵਾਂ ਅਤੇ ਹੋਰਨਾਂ ਮਾਨਵੀ ਕਾਰਜਾਂ ਲਈ ਦਿਲ ਖੋਲ੍ਹ ਕੇ ਸੇਵਾ ਭੇਜਦੇ ਰਹੇ ਅਤੇ ਸਿੱਖਿਆ ਅਤੇ ਸਮਾਜ ਸੇਵਾ ਦੀਆਂ ਸੰਸਥਾਵਾਂ ਚਲਾਉਂਦੇ ਰਹੇ।

ਕੈਨੇਡਾ ਦੀ ਸਮਕਾਲੀ ਨਸਲਵਾਦੀ ਸਰਕਾਰ ਨੇ 23 ਜੁਲਾਈ 1914 ਨੂੰ, ਜਦੋਂ ਗੁਰੂ ਨਾਨਕ ਜਹਾਜ਼ ਕੈਨੇਡਾ ਤੋਂ ਜਬਰੀ ਮੋੜ ਦਿੱਤਾ, ਤਾਂ ਭਾਈਚਾਰੇ ਅੰਦਰ ਇਸ ਨਸਲਵਾਦੀ ਘਟਨਾ ਕਰ ਕੇ ਡੂੰਘਾ ਰੋਸ ਪੈਦਾ ਹੋ ਗਿਆ। 4 ਅਗਸਤ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ, ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗ਼ਦਰੀ ਭਾਰਤ ਰਵਾਨਾ ਹੋਣ ਲੱਗੇ, ਤਾਂ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ ‘ਤੇ ਵਹਿਸ਼ੀਆਨਾ ਕਾਰਾ ਕੀਤਾ। ਇਹ ਘਟਨਾ 5 ਸਤੰਬਰ 1914 ਈਸਵੀ ਦੀ ਹੈ। ਸਥਾਨ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ ਸੈਕਿੰਡ ਐਵੀਨਿਊ ‘ਤੇ ਬਣਿਆ ਪਹਿਲਾ ਗੁਰਦੁਆਰਾ ਸੀ। ਸਮਾਂ ਸ਼ਾਮ ਦੇ ਕਰੀਬ ਸੱਤ ਵੱਜਣ ‘ਚ ਕੁਝ ਕੁ ਮਿੰਟ ਬਾਕੀ ਸਨ। ਅਰਜਨ ਸਿੰਘ ਨਾਂ ਦੇ ਇੱਕ ਵਿਅਕਤੀ ਦੇ ਸਸਕਾਰ ਮਗਰੋਂ ਪਾਠ ਦਾ ਭੋਗ ਪੈ ਚੁੱਕਾ ਸੀ। ਅਰਜਨ ਸਿੰਘ ਬੇਲਾ ਜਿਆਣ ਦੇ ਧੜੇ ਦਾ ਬੰਦਾ ਸੀ, ਜੋ ਕਿ ਅੰਗਰੇਜ਼ ਸਰਕਾਰ ਦੇ ਟਾਊਟ ਸਨ ਅਤੇ ਸਰਕਾਰ ਤੋਂ ਬਾਗੀ ਸਿੱਖ ਆਗੂਆਂ ਦੇ ਖਿਲਾਫ ਭੁਗਤਦੇ ਸਨ। ਬੇਲਾ ਤੇ ਉਸਦੇ ਸਾਥੀ ਸਮਝਦੇ ਸਨ ਕਿ ਭਾਈ ਭਾਗ ਸਿੰਘ ਅਤੇ ਉਹਨਾਂ ਦੇ ਧੜੇ ਵੱਲੋਂ ਅਰਜਨ ਸਿੰਘ ਦਾ ਕਤਲ ਕੀਤਾ ਗਿਆ ਹੈ। ਜਦੋਂ ਹੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ‘ਚ ਅਰਦਾਸ ਹੋਣ ਲੱਗੀ, ਤਾਂ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਦੇ ਪਿੱਛੇ ਬੈਠੇ ਗ਼ੱਦਾਰ ਬੇਲੇ ਜਿਆਣ ਨੇ ਦੋਵਾਂ ਹੱਥਾਂ ‘ਚ ਪਿਸਤੌਲ ਫੜ ਲਈ ਅਤੇ ਭਾਈ ਭਾਗ ਸਿੰਘ ਦੀ ਪਿੱਠ ‘ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਇਹ ਵੇਖਦਿਆਂ ਸਾਰ ਹੀ ਅਰਦਾਸ ‘ਚ ਖੜ੍ਹੇ ਯੋਧੇ





(ਬਾਕੀ ਸਫਾ ਬੀ-12 ਤੇ)


SINGH THIND & ASSOCIATES

#208, 7110 120 Street, Surrey, BC

“ਆਪਣੇ ਭਾਈਚਾਰੇ ਦਾ ਮਾਣ”

*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS


VELOCITY
TRUCK CENTRES
DRIVE FORWARD
WITH VELOCITY
ਟਰੱਕ ਅਤੇ ਟਰੇਲਰਾਂ ਲਈ ਵੈਸਟਰਨ ਕਨੇਡਾ ਵਿਚ ਤੁਹਾਡਾ ਭਰੋਸੇਯੋਗ ਸਾਥੀ
ਸਾਡੀਆਂ ਮਾਹਰ ਟੀਮਾਂ ਅਤੇ ਪੂਰੀਆਂ ਸੇਵਾਵਾਂ ਦੀ ਰੇਂਜ ਨਾਲ
ਅਸੀਂ ਤੁਹਾਡੇ ਸਫਰ ਦੇ ਹਰ ਪੜਾਅ ਤੇ ਭਰੋਸੇਯੋਗ, ਪੂਰਨ ਸਹਾਇਤਾ ਪ੍ਰਦਾਨ ਕਰਦੇ ਹਾਂ
ਨਵੇਂ ਅਤੇ ਯੂਜਡ ਟਰੱਕ, ਟਰੇਲਰ, ਬੱਸਾਂ
FREIGHTLINER
TOTAL CUSTOMER SUPPORT
ਸੇਲਜ: ਨਵੇਂ ਅਤੇ ਵਰਤੇ ਹੋਏ ਟਰੱਕ, ਟ੍ਰੇਲਰ, ਬੱਸਾਂ
ਸੇਵਾਵਾਂ: ਸਾਰੇ ਮੇਕ ਅਤੇ ਮਾਡਲ
ਪਾਰਟਸ: ਪਾਰਟਸ ਅਤੇ ਆਫਟਰ ਮਾਰਕੀਟ
*ਬਾਡੀਸ਼ਾਪ: ਪੂਰੀ-ਸੇਵਾ ਕੁਲੀਜਨ ਰਿਪੇਅਰ
LOCATIONS
*ਪਾਰਟਸ ਅਤੇ ਆਫਟਰ ਮਾਰਕੀਟ ਪਾਰਟਸ
*ਹਰੇਕ ਮੇਕ ਅਤੇ ਮਾਡਲ
*ਬਾਡੀਸ਼ਾਪ ਫੁੱਲ ਸਰਵਿਸ ਕੁਲੀਜਨ ਰਿਪੇਅਰ
ਕਿਰਾਏ ਤੇ ਲੋੜ ਹੈ?
ਭਾਵੇਂ ਤੁਸੀਂ ਥੋੜ੍ਹੇ ਸਮੇਂ ਦੇ ਪਾੜੇ ਨੂੰ ਭਰ ਰਹੇ ਹੋ ਜਾਂ ਆਪਣੇ ਫਲੀਟ ਦਾ ਵਿਸਥਾਰ ਕਰ ਰਹੇ ਹੋ, ਵੇਲੋਸਿਟੀ ਟਰੱਕ ਰੈਂਟਲ ਅਤੇ ਲੀਜ਼ਿੰਗ ਤੁਹਾਡੇ ਕਾਰੋਬਾਰ ਨੂੰ ਚਲਦਾ ਰੱਖਣ ਲਈ ਤਿਆਰ ਕੀਤੇ ਗਏ ਅਨੁਕੂਲਿਤ ਕਿਰਾਏ ਅਤੇ ਲੀਜ਼ਿੰਗ ਵਿਕਲਪ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਪ੍ਰਦਾਨ ਕਰਦਾ ਹੈ।
ਕਮਰਸ਼ੀਅਲ ਟਰੱਕ ਰੈਂਟਲ
ਫੁੱਲ ਸਰਵਿਸ ਲੀਜ਼ਿੰਗ
ਫਲੀਟ ਮੈਨੇਜਮੈਂਟ ਸਰਵਿਸਿਜ
Learn More About Our Services
855-412-7431
VelocityTruckRentalAndLeasing.ca
VELOCITY
TRUCK RENTAL & LEASING
CANADA
672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada
Call: 672-727-9560

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

**ਸ੍ਰੀ ਗੁਰੂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ 16 ਨਵੰਬਰ ਤੋਂ 25 ਨਵੰਬਰ ਤੱਕ ਜੱਥਾ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਜਾ ਰਿਹਾ ਹੈ ਜਿਨ੍ਹਾਂ ਸੰਗਤਾਂ ਨੇ ਜਾਣਾ ਹੋਵੇ ਉਹ ਗੁਰਦੁਆਰਾ ਸਾਹਿਬ ਆਪਣੇ ਨਾਮ ਲਿਖਵਾ ਦਿਓ ਜੀ।**

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਪੁਰਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ਹੀਦੀ ਭਾ: ਭਾਗ ਸਿੰਘ ਜੀ, ਭਾਈ ਬਦਨ ਸਿੰਘ ਸਿੰਘ ਜੀ, ਭਾ:ਬਲਵਿੰਦਰ ਸਿੰਘ ਜਟਾਣਾ, ਭਾ:ਜਸਵੰਤ ਸਿੰਘ ਖਾਲੜਾ ਅਤੇ ਬਰਸੀ ਗਿ:ਦਿੱਤ ਸਿੰਘ ਜੀ ਮਨਾਏ ਜਾਣਗੇ।

*2 ਸਤੰਬਰ ਦਿਨ ਬੁੱਧਵਾਰ ਫਿਊਨਰਲ 2:30 ਵਜੇ ਭਾਈ ਅਰਜਨ ਸਿੰਘ ਸਿੱਧੂ ਅੰਤਿਮ ਅਰਦਾਸ 4 ਵਜੇ ਹੋਵੇਗੀ।

*2 ਸਤੰਬਰ ਦਿਨ ਬੁੱਧਵਾਰ ਸੁਖਮਨੀ ਸਾਹਿਬ ਦੇ ਪਾਠ ਭਾ:ਖੁਸ਼ਵਿੰਦਰ ਸਿੰਘ ਪਰਿਵਾਰ ਵੱਲੋਂ

*3 ਸਤੰਬਰ ਦਿਨ ਵੀਰਵਾਰ ਸੁਖਮਨੀ ਸਾਹਿਬ ਦੇ ਪਾਠ ਭਾਈ ਗੁਰਪ੍ਰੀਤ ਸਿੰਘ ਟਿਵਾਣਾ ਪਰਿਵਾਰ ਵੱਲੋਂ

*4 ਸਤੰਬਰ ਦਿਨ ਸ਼ੁੱਕਰਵਾਰ 3 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ:

(1)ਪਿੰਡ ਮੇਹਟਾ ਦੀ ਸੰਗਤ ਵੱਲੋਂ (2)ਭਾ: ਗੁਰਪ੍ਰੀਤ ਸਿੰਘ ਸੰਧੂ (3)ਭਾ: ਕਸ਼ਮੀਰ ਸਿੰਘ ਮਾਨ

*5 ਸਤੰਬਰ ਦਿਨ ਸ਼ਨਿੱਚਰਵਾਰ (1)ਅਨੰਦ ਕਾਰਜ ਭਾ:ਇੰਦਰਪਾਲ ਸਿੰਘ ਗਰੇਵਾਲ (2)ਅਨੰਦ ਕਾਰਜ ਬੀ:ਜਸਪ੍ਰੀਤ ਕੌਰ

*5 ਸਤੰਬਰ ਦਿਨ ਸ਼ਨਿੱਚਰਵਾਰ ਭੋਗ ਸਹਿਜ ਪਾਠ ਸਾਹਿਬ ਬੀਬੀ ਰੇਸ਼ਮ ਕੌਰ ਪੁਆਰ ਨਮਿਤ

*6 ਸਤੰਬਰ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ ਭਾਈ ਓਂਕਾਰ ਸਿੰਘ ਪਰਿਵਾਰ ਵੱਲੋਂ।

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**


SIKH YOUTH SPORTS SOCIETY
SIKH YOUTH SPORTS
SIKH
FAMILY SPORTS FESTIVAL
ਪੇਂਡੂ ਪਰਿਵਾਰਿਕ ਖੇਡ ਮੇਲਾ
SIKH YOUTH SPORTS SOCIETY
SAT, 5TH SEP 2026
2PM TIL 6PM
FAMILY EVENT
FOR KIDS & ADULTS
7017 -122 Street, Next to
Guru Nanak Sikh Gurdwara, Surrey
FREE
PIZZA, FRIES
& CHIPS FOR
ALL PARTICIPANTS
SPORTS ACTIVITIES INCLUDE:
• BASKETBALL
• SOCCER
• GATKA
• SPRINT RACE
• GARBHA RACE
• SACK RACE
• TUG OF WAR
• PENDU DAND & BETKA
WRESTLING | ATHLETICS | FOOTBALL | SOCCER | BASKETBALL | VOLLEYBALL
ਛੋਟੇ ਬੱਚਿਆਂ ਤੇ
ਬਜ਼ੁਰਗਾਂ ਦੀਆਂ ਖੇਡਾਂ
HARDEEP 604 825 2659
AMARDEEP SINGH 604 781 9379
GURDEEP 604 781 9379
TARANJEET 804 306 5731
TARA 604 418 6244
MANROOP 604 763 1404
SIKHYOUTHSPORTS.COM

# ਫਰਾਂਸ ਦੇ ਰਾਫੇਲ ਜੈੱਟਾਂ ਨੂੰ ਚੀਨ ਨੇ ਪਛਾੜ ਦਿੱਤਾ

ਬੀਜਿੰਗ: ਚੀਨੀ ਸੋਸ਼ਲ ਮੀਡੀਆ 'ਤੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ ਕਿ ਮਿਸਰ ਵਿੱਚ ਅਭਿਆਸ ਦੌਰਾਨ ਚੀਨੀ ਜੇ-16 ਜੈੱਟਾਂ ਨੇ ਮਿਸਰ ਦੇ ਰਾਫੇਲ ਜੈੱਟਾਂ ਨੂੰ ਬੁਰੀ ਤਰ੍ਹਾਂ ਹਰਾਇਆ। ਮਿਸਰ ਵਿੱਚ ਹੋਏ ਇਸ ਅਭਿਆਸ ਨੂੰ "ਈਗਲਜ਼ ਆਫ਼ ਸਿਵਲਾਈਜੇਸ਼ਨ 2026" ਦਾ ਨਾਮ ਦਿੱਤਾ ਗਿਆ ਸੀ। ਚੀਨੀ ਸੋਸ਼ਲ ਮੀਡੀਆ ਦਾ ਦਾਅਵਾ ਹੈ ਕਿ ਜੇ-16 ਨੇ ਮਿਸਰ ਵਿੱਚ ਉਡਾਣ ਦੇ ਪਹਿਲੇ ਹੀ ਦਿਨ ਰਾਫੇਲ ਜੈੱਟਾਂ ਨੂੰ 7-1 ਨਾਲ ਹਰਾਇਆ।ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਅੱਠ ਲੜਾਈਆਂ ਵਿੱਚੋਂ, ਚੀਨੀ ਜੈੱਟਾਂ ਨੇ ਸੱਤ ਵਾਰ ਜਿੱਤ ਪ੍ਰਾਪਤ ਕੀਤੀ, ਅਤੇ ਰਾਫੇਲ ਨੇ ਇੱਕ ਵਾਰ ਇੱਕ ਚੀਨੀ ਜੈੱਟ ਨੂੰ ਮਾਰ ਸੁੱਟਿਆ। ਇਹ ਜਿੱਤ ਮਿਸਰ ਨੂੰ ਆਪਣੀ ਸ਼ਾਨ ਬਣਾਈ ਰੱਖਣ ਲਈ ਸ਼ਿਸ਼ਟਾਚਾਰ ਵਜੋਂ ਦਿੱਤੀ ਗਈ ਸੀ।ਇੱਕ ਚੀਨੀ ਫੌਜੀ ਬਲੌਗਰ ਨੇ ਕਿਹਾ, "ਇਸ ਵਾਰ, ਮਿਸਰ ਨੇ ਸੱਚਮੁੱਚ ਚੀਨੀ ਫੌਜ ਦੀ ਜ਼ਬਰਦਸਤ ਸ਼ਕਤੀ ਦਾ ਅਨੁਭਵ ਕੀਤਾ ਹੈ।" ਭਵਿੱਖ ਵਿੱਚ ਹਥਿਆਰ ਖਰੀਦਣ ਵੇਲੇ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸ ਪਾਸੇ ਝੁਕਣਾ ਹੈ।
















# ਉਹ ਹਿੰਦੂ ਹੀ ਨਹੀਂ ਜੋ ਮੁਸਲਮਾਨਾਂ ਨੂੰ ਭਾਰਤ 'ਚੋਂ ਬਾਹਰ ਜਾਣ ਲਈ ਕਹਿੰਦਾ ਹੈ:ਭਾਗਵਤ

ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦੇ ਮੁਖੀ ਮੋਹਨ ਭਾਗਵਤ ਨੇ ਸ਼ਨੀਵਾਰ ਨੂੰ ਅਮਰੀਕਾ ਦੇ ਨਿਊਯਾਰਕ ਵਿੱਚ ਇੱਕ ਸੰਮੇਲਨ ਵਿੱਚ ਕਿਹਾ ਕਿ ਜੋ ਹਿੰਦੂ ਇਹ ਮੰਨਦਾ ਹੈ ਕਿ ਮੁਸਲਮਾਨਾਂ ਨੂੰ ਭਾਰਤ ਤੋਂ ''ਬਾਹਰ ਕੱਢ ਦੇਣਾ ਚਾਹੀਦਾ ਹੈ'', ਉਹ ਹਿੰਦੂ ਨਹੀਂ ਰਹਿ ਸਕਦਾ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਏਕਤਾ ਦੀ ਹਿੰਦੂ ਧਾਰਨਾ ਵਿੱਚ ਇਸ ਤਰ੍ਹਾਂ ਕਿਸੇ ਨੂੰ ਬਾਹਰ ਕਰਨ ਦੀ ਕੋਈ ਥਾਂ ਨਹੀਂ ਹੈ।

ਨਿਊਯਾਰਕ ਵਿੱਚ ਆਯੋਜਿਤ ਅਹੈੱਡ ਫੋਰਮ ਵੱਲੋਂ ਕਰਵਾਈ ਗਈ ਫੇਥ ਲੀਡਰਜ਼ ਕਾਨਫ਼ਰੰਸ ਵਿੱਚ ਮੋਹਨ ਭਾਗਵਤ ਨੇ ਕਿਹਾ ਕਿ ਸਮਾਜਿਕ ਅਤੇ ਧਾਰਮਿਕ ਸੰਗਠਨ ਜਨਤਕ ਨੀਤੀਆਂ ਅਤੇ ਸਿਆਸਤ ਨੂੰ ਪ੍ਰਭਾਵਿਤ ਕਰਨਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਇਸ ਦੀ ਸ਼ੁਰੂਆਤ ਸਮਾਜ ਤੋਂ ਕਰਨੀ ਪਵੇਗੀ, ਕਿਉਂਕਿ "ਸਿਆਸਤ ਹੁਣ ਸੁਆਰਥ ਦੀ ਖੇਡ ਬਣ ਗਈ ਹੈ।

"ਮੋਹਨ ਭਾਗਵਤ ਦਾ ਇਹ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਵਾਦਾਂ ਵਿੱਚ ਘਿਰ ਗਿਆ ਸੀ ਕਿਉਂਕਿ ਨਿਊਯਾਰਕ ਸਿਟੀ ਦੇ ਮੇਅਰ ਜ਼ੋਹਰਾਨ ਮਮਦਾਨੀ ਨੇ ਜਨਤਕ ਤੌਰ 'ਤੇ ਇਸ ਪ੍ਰੋਗਰਾਮ ਦਾ ਵਿਰੋਧ ਕੀਤਾ ਸੀ।

ਉਨ੍ਹਾਂ ਨੇ ਆਰਐੱਸਐੱਸ ਦੀ ਵਿਚਾਰਧਾਰਾ ਨੂੰ ਬਹਿਸ਼ਕਾਰਵਾਦੀ ਅਤੇ ਨਿਊਯਾਰਕ ਸ਼ਹਿਰ ਦੇ ਬਹੁਲਵਾਦੀ ਵਿਚਾਰਾਂ ਦੇ ਉਲਟ ਦੱਸਿਆ ਸੀ।

## (ਮੁੱਖ ਪੰਨੇ ਦੀ ਬਾਕੀ)

ਰੱਸਾ-ਖਿਚੀ ਦੇ ਮੁਕਾਬਲੇ ਕਰਾਏ ਗਏ। ਐਬਟਸਫ਼ੋਰਡ ਦੀਆਂ ਖੁੱਲ੍ਹੀਆਂ ਗਰਾਂਉਡਾਂ ਅਤੇ ਮੌਸਮ ਨੂੰ ਮੁੱਖ ਰੱਖਦੇ ਹੋਏ ਵਾਲੀਵਾਲ ਤੇ ਬਾਸਕਟਬਾਲ ਦੇ ਮੁਕਾਬਲੇ ਵਾਸਤੇ ਸਕੂਲ ਦੇ ਹਾਲ ਦਾ ਪ੍ਰਬੰਧ ਕੀਤਾ ਗਿਆ। ਗੁਰਦੇਵ ਸਿੰਘ ਬਰਾੜ ਨੇ ਦੱਸਿਆ ਕਿ 1998 ਤੋਂ ਬਾਅਦ ਇਹ ਪ੍ਰਬੰਧਕ ਕਮੇਟੀ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ ਜਿਸ ਛੋਟੇ ਬੱਚੇ ਖੇਡਾਂ

ਵਿੱਚ ਦਿਲਚਸਪੀ ਦਿਖਾ ਹਰੇ ਹਨ ਤੇ ਨਵੀਂ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਦਾ ਉਦਮ ਸ਼ਲਾਘਯੋਗ ਹੈ। ਖਾਲਸਾ ਦੀਵਾਨ ਸੁਸਾਇਟੀ ਦੇ ਵੈਨਕੂਵਰ ਦੇ ਪ੍ਰਧਾਨ ਰਣਜੀਤ ਸਿੰਘ, ਜੁਗਿੰਦਰ ਸਿੰਘ ਸੁੰਨੜ ਸੁਖਪਾਲ ਭੱਟੀ ਅਤੇ ਸੂਰਜੀ ਸਿੰਘ ਢਿਲੋਂ ਨੇ ਹਾਜ਼ਰੀ ਲੁਆਈ। ਮਿਸ਼ਨ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਉਚੇਚੇ ਤੋਰ ਤੇ ਪਹੁੰਚੀ ਹੋਈ ਸੀ। ਕਰਮ ਸਿੰਘ ਬੱਬਰ (ਦੌਲਤਪੁਰ) ਨੇ ਭਾਰਤ ਦੀ ਅਜ਼ਾਦੀ ਵਾਸਤੇ ਕਨੇਡਾ ਦੇ ਸੁੱਖ-ਅਰਾਮ ਤਿਆਗ ਕੇ ਭਾਰਤ ਵਿੱਚ





ਸ਼ਹੀਦੀ ਦਿੱਤੀ ਤੇ ਗੁਰੂ ਘਰ ਨੂੰ 4 ਏਕੜ ਜ਼ਮੀਨ ਜਾਣ ਤੋਂ ਪਹਿਲਾਂ ਦਾਨ ਕਰ ਦਿੱਤੀ ਸੀ। ਉਨ੍ਹਾਂ ਦੀ ਯਾਦ ਵਿੱਚ ਦੂਸਰਾ ਖੇਡ ਮੇਲਾ ਸਫ਼ਲਤਾ ਪੂਰਵਕ ਸਮਾਪਤ ਹੋਇਆ। ਇਸ ਵਿੱਚ ਲੋਕਲ ਰਾਜਨੀਤੀਵਾਨ ਸੁਖਮਨ ਐੱਮ.ਪੀ. ਤੋਂ ਇਲਾਵਾ ਹੋਰ ਸਥਾਨਕ ਨੇਤਾਵਾਂ ਨੇ ਹਾਜ਼ਰੀ ਲੁਆਈ। ਸਾਰਿਆਂ ਪਤਵੰਤੇ ਸੱਜਣਾਂ ਨੇ ਪ੍ਰਬੰਧਕ ਕਮੇਟੀ ਦੀ ਸਰਾਹਨਾ ਕੀਤੀ। ਲੰਗਰ ਪਾਣੀ ਦਾ ਬਹੁਤ ਵਧੀਆ ਇੰਤਜ਼ਾਮ ਕੀਤਾ ਗਿਆ। ਜੇਤੂ ਖਿਡਾਰੀਆਂ ਨੂੰ ਟਰਾਫ਼ੀਆਂ ਉੱਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ।


INDOOR WATER FALLS BY:
KALSI
Aluminum Products
• Patio Covers
• Sunrooms
• Aluminium & Glass Railing
• Fences
• Gate
• Security Bars
• Water Falls



Bring WATERFALL
In Your Office/House
Call a Professional Installer, Not A Salesman
604-763-5679
#108-13030-115Ave, Surrey, BC
www.kalsialuminum.com



ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



THE CARPLAZA CAR ACCESSORIES
THE CARPLAZA
CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ



*Seat Covers *Matts
*Woofers & Ambient Lights
*Android Car Player Available



Especially For Uber & Lyft Camera
778-977-0032, 778-713-6949
#5-12357-82A Ave, Surrey, BC

# ਕੈਨੇਡਾ ਦੀਆਂ ਉਪ-ਚੋਣਾਂ 'ਚ ਤਿੰਨੇ ਸੀਟਾਂ ਜਿੱਤ ਕੇ ਮਾਰਕ ਕਾਰਨੀ ਸਰਕਾਰ ਨੇ ਬਹੁਮਤ ਹਾਸਲ ਕੀਤਾ:ਲਿਬਰਲ ਪਾਰਟੀ ਕੋਲ ਹੁਣ 173 ਸੰਸਦ ਮੈਂਬਰ

ਵੈਨਕੂਵਰ- ਕੈਨੇਡਾ ਪਾਰਲੀਮੈਂਟ ਦੀਆਂ ਖ਼ਾਲੀ ਹੋਈਆਂ ਤਿੰਨ ਸੀਟਾਂ ਲਈ ਹੋਈ ਉਪ-ਚੋਣ ਵਿਚ ਪ੍ਰਧਾਨ ਮੰਤਰੀ ਮਾਰਕ ਦੀ ਅਗਵਾਈ ਵਾਲੀ ਸੱਤਾਧਾਰੀ ਲਿਬਰਲ ਪਾਰਟੀ ਨੇ ਤਿੰਨੇ ਸੀਟਾਂ 'ਤੇ ਜਿੱਤ ਹਾਸਲ ਕਰਕੇ ਸੰਸਦ ਵਿਚ ਬਹੁਮੱਤ ਦਾ ਅੰਕੜਾ ਪਾਰ ਕਰ ਲਿਆ ਹੈ।

ਖ਼ਾਲੀ ਹੋਈਆਂ ਤਿੰਨ ਸੀਟਾਂ ਵਿਚੋਂ ਦੋ ਪਹਿਲਾਂ ਲਿਬਰਲ ਪਾਰਟੀ ਕੋਲ ਸਨ, ਜਦੋਂਕਿ ਇੱਕ ਸੀਟ 'ਤੇ ਕੰਜ਼ਰਵੇਟਿਵ ਪਾਰਟੀ ਕਾਬਜ਼ ਸੀ। ਇੰਜ ਲਿਬਰਲ ਪਾਰਟੀ ਕੋਲ ਹੁਣ ਸੰਸਦ ਦੇ 173 ਮੈਂਬਰ ਹੋ ਗਏ ਹਨ, ਜੋ ਕਿ ਬਹੁਮੱਤ ਤੋਂ ਇੱਕ ਵੱਧ ਹੈ।

343 ਮੈਂਬਰਾਂ ਦੇ ਹਾਊਸ ਵਿਚ ਮੁੱਖ ਵਿਰੋਧੀ ਪਾਰਟੀ ਯਾਨੀ ਕੰਜ਼ਰਵੇਟਿਵ ਪਾਰਟੀ ਦੇ 141, ਬਲਾਕ ਕਿਊਬਕਵਾ ਦੇ 22, ਐੱਨ.ਡੀ.ਪੀ. ਦੇ 6 ਅਤੇ ਗ੍ਰੀਨ ਪਾਰਟੀ ਦਾ ਇੱਕ ਮੈਂਬਰ ਹੈ। ਬੀਤੇ ਤਿੰਨ ਮਹੀਨਿਆਂ ਵਿਚ ਖ਼ਾਲੀ ਹੋਈਆਂ ਤਿੰਨ ਸੀਟਾਂ ਵਿਚੋਂ ਦੋ ਲਿਬਰਲ ਦੀਆਂ ਘਟਣ ਕਾਰਨ ਸਰਕਾਰ ਨੂੰ ਵਿੱਤੀ ਬਿੱਲ ਪਾਸ ਕਰਵਾਉਣ ਲਈ ਕਿਸੇ ਹੋਰ ਪਾਰਟੀ ਵੱਲ ਝਾਕ ਰੱਖਣੀ ਪੈ ਰਹੀ ਸੀ, ਜਿਸ ਦੀ ਹੁਣ ਲੋੜ ਨਹੀਂ ਰਹੇਗੀ।

(ਸਫਾ ਬੀ-06 ਦੀ ਬਾਕੀ)

ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੇ ਜਾਨ ਦੀ ਪ੍ਰਵਾਹ ਨਾ ਕਰਦਿਆਂ, ਹਤਿਆਰੇ ਨੂੰ ਧੌਣੋਂ ਜਾ ਦਬੋਚਿਆ। ਬੇਲਾ ਜਿਆਣ ਨੇ ਆਪਣਾ ਪਿਸਤੌਲ ਭਾਈ ਬਤਨ ਸਿੰਘ ਵੱਲ ਕਰ ਕੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਨ੍ਹਾਂ 'ਚੋਂ ਚਾਰ ਗੋਲੀਆਂ ਬਤਨ ਸਿੰਘ ਦੇ ਲੱਗੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਨੂੰ ਬਚਾਉਂਦਿਆਂ, ਭਾਈ ਬਤਨ ਸਿੰਘ ਵੀ ਗੰਭੀਰ ਜ਼ਖਮੀ ਹੋ ਗਏ ਅਤੇ ਦੋਵੇਂ ਸਿੱਖ ਯੋਧੇ ਅਗਲੇ ਦਿਨ ਭਾਵ 6 ਸਤੰਬਰ 1914 ਨੂੰ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿਹਨਾਂ ਵਿੱਚ ਭਾਈ ਦਲੀਪ ਸਿੰਘ ਫਾਹਲਾ, ਭਾਈ ਬਲਵੰਤ ਸਿੰਘ ਖੁਰਦਪੁਰ ਦਾ ਸਨਬੰਧੀ ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ, ਭਾਈ ਬਤਨ ਸਿੰਘ ਕਾਹਰੀ, ਸੋਹਣ ਲਾਲ ਪਿੰਡ ਔਲਕ ਤੇ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਸਿੱਖ ਸ਼ਾਮਿਲ ਸਨ। ਜੇਕਰ ਭਾਈ ਬਤਨ ਸਿੰਘ ਅਗਾਂਹ ਹੋ ਕੇ ਆਪਣੇ ਸੀਨੇ ਚ ਗੋਲੀਆਂ ਨਾ ਖਾਂਦੇ, ਤਾਂ ਦੁਸ਼ਟ ਬੇਲੇ ਨੇ ਗੋਲੀਬਾਰੀ ਕਰਦਿਆਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਦੀਆਂ ਜਾਨਾਂ ਲੈ ਲੈਣੀਆਂ ਸਨ। ਭਾਈ ਸਾਹਿਬ ਦਾ ਨਾਂ ਸਿੱਖ ਭਾਈਆਂ ਦੀ ਪ੍ਰੇਮ ਵਿੱਚ ਜਾਨ ਵਾਰਨ ਦੀ ਮਿਸਾਲ ਵਜੋਂ ਚੇਤੇ ਕੀਤਾ ਜਾਂਦਾ ਰਹੇਗਾ।

'ਬਤਨ ਸਿੰਘ ਜੀ ਸੂਰਮੇ, ਚੇਤਨ ਸੁਘੜ-ਸੁਜਾਨ ।
ਭਾਗ ਸਿੰਘ ਆਗੂ ਲਈ, ਵਾਰ ਗਏ ਸੀ ਜਾਨ।'

ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਲਹੂ ਭਿੱਜਿਆ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਹਤਿਆਰੇ ਬੇਲੇ ਜਿਆਣ ਨੂੰ ਚਾਹੇ ਗ੍ਰਿਫ਼ਤਾਰ ਵੀ ਕਰ ਲਿਆ, ਪਰ ਮਗਰੋਂ ਸਰਕਾਰੀ ਮੁਖ਼ਬਰ ਹੋਣ ਕਰ ਕੇ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਸਿਤਮਜ਼ਰੀਫੀ ਇਸ ਗੱਲ ਦੀ ਸੀ ਕਿ ਵੈਨਕੂਵਰ ਦੀ ਅਦਾਲਤ ਵਿੱਚ 3 ਨਵੰਬਰ ਤੋਂ 6 ਨਵੰਬਰ,1914 ਤੱਕ ਚੱਲੀ ਸੁਣਵਾਈ ਦੁਆਰਾ ਜੱਜ ਆਇਲੇ ਮੌਰੀਸਨ ਨੇ ਜਿਊਰੀ ਨੂੰ ਕਿਹਾ ਕਿ ਮੁਜਰਿਮ ਬੇਲਾ ਜਿਆਣਾ ਬਰੀ ਹੋਣਾ ਚਾਹੀਦਾ ਹੈ, ਕਿਉਂਕਿ ਉਸ ਨੇ 'ਆਤਮ ਰੱਖਿਆ' ਲਈ ਗੋਲੀ ਚਲਾਈ। ਕੈਨੇਡਾ ਦੀ ਅਦਾਲਤ ਦੇ ਜੱਜ ਲਈ ਇਸ ਤੋਂ ਸ਼ਰਮਨਾਕ ਗੱਲ ਕੀ ਹੋ ਸਕਦੀ ਸੀ!

ਜਿਊਰੀ ਨੇ ਬੇਲੇ ਜਿਆਣ ਨੂੰ ਬੇਕਸੂਰ ਕਰਾਰ ਦੇ ਕੇ ਬਰੀ ਕਰ ਦਿੱਤਾ। ਉਧਰ ਸਿੱਖਾਂ ਅੰਦਰ ਇਸ ਗੱਲ ਦਾ ਭਾਰੀ ਰੋਸ ਸੀ ਅਤੇ ਇਸ ਦੌਰਾਨ ਸਿੱਖ ਯੋਧੇ ਭਾਈ ਜਗਤ ਸਿੰਘ ਮਹਿਰਾ ਭੂਤਵਿੰਡ ਨੇ ਵੈਨਕੂਵਰ ਦੀ ਗ੍ਰੈਨਵਿਲ ਸਟਰੀਟ 'ਤੇ ਹਿੰਦੂ ਸਟੋਰ ਵਿੱਚ ਦੁਸ਼ਟ ਬੇਲਾ ਜਿਆਣ ਅਤੇ ਉਹਦੇ ਸਾਥੀਆਂ 'ਤੇ ਗੋਲੀਆਂ ਚਲਾਈਆਂ। ਬੇਲਾ ਤਾਂ ਬਚ ਗਿਆ, ਪਰ ਉਸ ਦਾ ਇਕ ਸਾਥੀ ਰਤਨ ਉਰਫ ਪ੍ਰਤਾਪ ਕੋਟਲੀ ਮਾਰਿਆ ਗਿਆ, ਜਦਕਿ ਦੂਸਰਾ ਜ਼ਖਮੀ ਹੋ ਗਿਆ।

ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਨੂੰ ਸ਼ਹੀਦ ਕਰਨ ਵਾਲਾ ਬੇਲਾ ਜਿਆਣ ਡਰ ਦਾ ਮਾਰਿਆ 1 ਜੂਨ 1916 ਨੂੰ ਭਾਰਤ ਭੱਜ ਗਿਆ, ਜਿੱਥੇ 17 ਸਾਲ ਮਗਰੋਂ ਬੱਬਰ ਅਕਾਲੀ ਭਾਈ ਹਰੀ ਸਿੰਘ ਸੂੰਢ ਨੇ ਸਾਥੀਆਂ ਸਮੇਤ, ਦੁਸ਼ਟ ਗੱਦਾਰ ਬੇਲਾ ਜਿਆਣ ਉਸ ਦੇ ਜੱਦੀ ਪਿੰਡ ਨੇੜੇ ਹੀ 9 ਦਸੰਬਰ 1933 ਨੂੰ ਸੋਧਿਆ।

ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਦੀ ਸ਼ਹਾਦਤ ਵੇਲੇ ਵਿਸ਼ਵਾਸੀ ਸਿੱਖ ਭਾਈ ਮੇਵਾ ਸਿੰਘ ਲੋਪੋਕੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਨੇ 21 ਅਕਤੂਬਰ 1914 ਨੂੰ ਵੈਨਕੂਵਰ ਦੀ ਕਚਹਿਰੀ 'ਚ ਭਾਈਚਾਰੇ ਦੇ ਦੁਸ਼ਮਣ ਵਿਲੀਅਮ ਹਾਪਕਿਨਸਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਸ਼ਹੀਦ ਕਰਨ ਲਈ ਮੁੱਖ ਜ਼ਿੰਮੇਵਾਰ ਦੁਸ਼ਟ ਨੂੰ ਸੋਧਣ ਕਰਕੇ ਗ੍ਰਿਫਤਾਰ ਕੀਤੇ ਗਏ ਭਾਈ ਮੇਵਾ ਸਿੰਘ ਖਿਲਾਫ 30 ਅਕਤੂਬਰ 1914 ਨੂੰ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਬਣਾਈ ਗਈ, ਜਿਨ੍ਹਾਂ ਨੇ ਭਾਈ ਸਾਹਿਬ ਨੂੰ ਦੋਸ਼ੀ ਠਹਿਰਾਇਆ ਅਤੇ 11 ਜਨਵਰੀ 1915 ਨੂੰ ਭਾਈ ਮੇਵਾ ਸਿੰਘ ਲੋਪੋਕੇ ਹੱਸਦਿਆਂ ਫਾਂਸੀ ਚੜ੍ਹ ਕੇ, ਸ਼ਹੀਦੀ ਪਾ ਗਏ।

'ਨਫਰਤ, ਜ਼ੁਲਮ ਮਿਟਾਉਣ ਲਈ, ਸੋਧਿਆ ਨਸਲੀ ਸਾਨ੍ਹ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
Single Driver Pay 52cents/mile
Team Drivers 32 cents/mile

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਪਾਕਿਸਤਾਨ-ਕੁਵੈਤ ਹੋਇਆ ਰੱਖਿਆ ਸਮਝੌਤਾ:ਭਾਰਤ ਦੀ ਚਿੰਤਾ ਵਧੀ

ਕੁਵੈਤ:-ਪਾਕਿਸਤਾਨ ਅਤੇ ਕੁਵੈਤ ਨੇ ਰੱਖਿਆ ਸਮਝੌਤੇ ਸੰਬੰਧੀ ਇੱਕ ਪ੍ਰੋਟੋਕਾਲ ਸਮਝੌਤੇ 'ਤੇ ਦਸਤਖਤ ਕੀਤੇ ਹਨ। ਇਸ ਸਮਝੌਤੇ ਦੇ ਤਹਿਤ, ਰੱਖਿਆ ਸਮਝੌਤੇ ਦੀਆਂ ਸ਼ਰਤਾਂ 'ਤੇ ਸਹਿਮਤੀ ਬਣਾਈ ਗਈ।ਕੁਵੈਤ ਭਾਰਤ ਦਾ ਨਜ਼ਦੀਕੀ ਵਪਾਰਕ ਭਾਈਵਾਲ ਹੈ।ਇਸ ਲਈ, ਇਹ ਸਮਝੌਤਾ ਭਾਰਤ ਦੀਆਂ ਚਿੰਤਾਵਾਂ ਨੂੰ ਵਧਾ ਸਕਦਾ ਹੈ।ਇਸਨੂੰ ਖਾੜੀ ਦੇਸ਼ਾਂ ਵਿੱਚ ਪਾਕਿਸਤਾਨ ਦੇ ਵਧਦੇ ਪ੍ਰਭਾਵ ਨਾਲ ਜੋੜਿਆ ਜਾ ਰਿਹਾ ਹੈ।ਪਾਕਿਸਤਾਨ ਨੇ ਪਹਿਲਾਂ ਸਾਊਦੀ ਅਰਬ ਨਾਲ ਰੱਖਿਆ ਸਮਝੌਤੇ 'ਤੇ ਦਸਤਖਤ ਕੀਤੇ ਸਨ। ਬਾਅਦ ਵਿੱਚ, ਤੁਰਕੀ ਵੀ ਇਸ ਸਮਝੌਤੇ ਵਿੱਚ ਸ਼ਾਮਲ ਹੋਇਆ, ਜਿਸਨੂੰ ਮੱਕਾ ਸੰਯੁਕਤ ਰੱਖਿਆ ਸਮਝੌਤਾ ਕਿਹਾ ਗਿਆ ਹੈ।ਮਾਹਰ ਇਸਨੂੰ ਇਸਲਾਮਿਕ ਨਾਟੋ ਜਾਂ ਮੁਸਲਿਮ ਨਾਟੋ ਵੀ ਕਹਿ ਰਹੇ ਹਨ।ਪਾਕਿਸਤਾਨ-ਕੁਵੈਤ ਰੱਖਿਆ ਸਮਝੌਤਾ ਖਾੜੀ ਦੇਸ਼ਾਂ ਵਿੱਚ ਭਾਰਤ ਦੇ ਤਣਾਅ ਨੂੰ ਵਧਾ ਸਕਦਾ ਹੈ। ਕੁਵੈਤ ਖਾੜੀ ਦੇਸ਼ਾਂ ਵਿੱਚ ਭਾਰਤ ਦਾ ਇੱਕ ਪ੍ਰਮੁੱਖ ਵਪਾਰਕ ਭਾਈਵਾਲ ਹੈ। ਭਾਰਤ ਅਤੇ ਕੁਵੈਤ ਦੇ ਇਤਿਹਾਸਕ, ਡੂੰਘੇ ਅਤੇ ਦੋਸਤਾਨਾ ਸਬੰਧ ਹਨ, ਜੋ ਊਰਜਾ, ਵਪਾਰ ਅਤੇ ਇੱਕ ਮਜ਼ਬੂਤ ਸੱਭਿਆਚਾਰਕ ਸਾਂਝੇਦਾਰੀ 'ਤੇ ਬਣੇ ਹਨ। ਭਾਰਤ 1961 ਵਿੱਚ ਕੁਵੈਤ ਦੀ ਆਜ਼ਾਦੀ ਨੂੰ ਮਾਨਤਾ ਦੇਣ ਵਾਲਾ ਪਹਿਲਾ ਦੇਸ਼ ਸੀ। ਵਿੱਤੀ ਸਾਲ 2023-24 ਵਿੱਚ ਭਾਰਤ ਅਤੇ ਕੁਵੈਤ ਵਿਚਕਾਰ ਕੁੱਲ ਵਪਾਰ ਲਗਭਗ 10.47 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਗਿਆ। ਕੁਵੈਤ ਭਾਰਤ ਨੂੰ ਤੇਲ ਅਤੇ ਐਲਪੀਜੀ ਦਾ ਇੱਕ ਵੱਡਾ ਅਤੇ ਭਰੋਸੇਮੰਦ ਸਪਲਾਇਰ ਹੈ। ਕੁਵੈਤ ਵਿੱਚ ਲਗਭਗ 10 ਲੱਖ ਭਾਰਤੀ ਪ੍ਰਵਾਸੀ ਰਹਿੰਦੇ ਹਨ, ਜੋ ਕਿ ਉੱਥੇ ਸਭ ਤੋਂ ਵੱਡਾ ਪ੍ਰਵਾਸੀ ਭਾਈਚਾਰਾ ਹੈ। ਇਸ ਲਈ, ਪਾਕਿਸਤਾਨ-ਕੁਵੈਤ ਰੱਖਿਆ ਸਮਝੌਤਾ ਭਾਰਤ ਦੇ ਤਣਾਅ ਨੂੰ ਵਧਾ ਸਕਦਾ ਹੈ।

## Home Improvement


ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।

ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship
STORM
EST. 2020
Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਂਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ

Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੇਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ : 604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੌਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਭਾਰਤ ਨੇ ਯਾਸੀਨ ਮਲਿਕ ਨੂੰ ਫਸਾਇਆ:ਪਾਕਿਸਤਾਨ ਨੇ ਉਸਨੂੰ 'ਬੇਕਸੂਰ' ਐਲਾਨਿਆ

ਇਸਲਾਮਾਬਾਦ: ਪਾਕਿਸਤਾਨੀ ਸਰਕਾਰ ਨੇ ਯਾਸੀਨ ਮਲਿਕ ਵਿਰੁੱਧ ਕੇਸਾਂ ਨੂੰ ਪੂਰੀ ਤਰ੍ਹਾਂ ਰਾਜਨੀਤਿਕ ਦੱਸਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਵਿੱਚ ਯਾਸੀਨ ਮਲਿਕ ਵਿਰੁੱਧ ਦਾਇਰ ਕੀਤੇ ਗਏ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਦੋਸ਼ ਅਤੇ ਉਸਦੀ ਸਜ਼ਾ ਗਲਤ ਹੈ। ਪਾਕਿਸਤਾਨ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਜੰਮੂ ਅਤੇ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਮੁਖੀ ਯਾਸੀਨ ਮਲਿਕ ਨੇ 36 ਸਾਲ ਪਹਿਲਾਂ ਕਸ਼ਮੀਰੀ ਪੰਡਿਤ ਨਰਸ ਸਰਲਾ ਭੱਟ ਦੇ ਕਤਲ ਵਿੱਚ ਆਪਣੀ ਭੂਮਿਕਾ ਤੋਂ ਇਨਕਾਰ ਕੀਤਾ ਹੈ। ਤਿਹਾੜ ਜੇਲ੍ਹ ਵਿੱਚ ਬੰਦ ਮਲਿਕ ਨੇ ਸ੍ਰੀਨਗਰ ਦੇ ਐਡੀਸ਼ਨਲ ਸੈਸ਼ਨ ਜੱਜ (ਟਾਡਾ/ਪੋਟਾ) ਦੀ ਅਦਾਲਤ ਵਿੱਚ 25 ਪੰਨਿਆਂ ਦਾ ਹਲਫ਼ਨਾਮਾ ਦਾਇਰ ਕੀਤਾ ਹੈ, ਜਿਸ ਵਿੱਚ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਗਿਆ ਹੈ।ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਤਾਹਿਰ ਅੰਦਰਾਬੀ ਨੇ ਕਿਹਾ, "ਮਲਿਕ ਵਿਰੁੱਧ ਕਾਰਵਾਈ ਨਿਆਂ ਦੀਆਂ ਬੁਨਿਆਦੀ ਜ਼ਰੂਰਤਾਂ ਦੇ ਵਿਰੁੱਧ ਹੈ। ਯਾਸੀਨ ਦਾ ਮੁਕੱਦਮਾ ਅਤੇ ਸਜ਼ਾ ਪੂਰੀ ਤਰ੍ਹਾਂ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਸੀ।


Rai
EXPRESS LINES LTD.



Hiring
Team Owner Operators
• All miles paid
• Year round work
• Criminal record check
• Flexible time off
• On site maintenance/wash facility
• Family atmosphere
• Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

FRASERVIEW
MEATS
The Name of Guaranteed Quality Meats



Number One Quality Meat in Lower Mainland
We also sell cooked chicken
We take orders for all occassion
Serving You Since 1993
Try our Special Chicken Tikkar



Jagir S. Nagra

604-592-2900
#102-12047-80th Ave. Surrey (Besides Mega Fruticana)
www.fraserviewmeats.com

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ
ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ
ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ



ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ
ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ
ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de
778-928-4522, 778-565-4141, 778-565-3232

ਦੇਗ ਤੇਗ ਫਤਹਿ　　　　ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

## 30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530




# ਮਹਾਨ ਨਗਰ ਕੀਰਤਨ

## 6 ਸਤੰਬਰ ਦਿਨ ਐਤਵਾਰ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 422ਵੇਂ ਪਹਿਲੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ ਜੀ

6 ਸਤੰਬਰ ਦਿਨ ਐਤਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 422ਵੇਂ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਏ ਜਾਣਗੇ ਅਤੇ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਸ ਵਿਚ ਵੱਖ ਵੱਖ ਜਥੇ ਕਥਾ ਕੀਰਤਨ ਅਤੇ ਢਾਡੀ ਵਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

### ਪ੍ਰੋਗਰਾਮਾਂ ਦਾ ਵੇਰਵਾ

4 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 8 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 6 ਸਤੰਬਰ ਦਿਨ ਐਤਵਾਰ ਸਵੇਰੇ 8 ਵਜੇ ਭੋਗ ਪਾਏ ਜਾਣਗੇ।ਅਰਦਾਸ, ਹੁਕਮਨਾਮਾ ਅਤੇ ਕੀਰਤਨ ਦਰਬਾਰ ਦੀ ਸਮਾਪਤੀ ਸਵੇਰੇ 10 ਵਜੇ ਹੋਵੇਗੀ।ਉਪਰੰਤ ਸਵੇਰੇ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ ਅਤੇ ਸ਼ਾਮ 4 ਵਜੇ ਸਮਾਪਤੀ ਹੋਵੇਗੀ।


ਭਾਈ ਰਵਿੰਦਰ ਸਿੰਘ ਸੋਢੀ


ਭਾਈ ਮਹਿਤਾਬ ਸਿੰਘ ਜਲੰਧਰ ਵਾਲੇ


ਸਿੰਘ ਸਾਹਿਬ ਗੁਰਚਰਨ ਸਿੰਘ







ਆਉਣ ਵਾਲੀਆਂ ਸੰਗਤਾਂ ਹੇਠ ਲਿਖੇ ਥਾਵਾਂ ਤੇ ਕਾਰਾਂ ਪਾਰਕ ਕਰ ਸਕਦੀਆਂ ਹਨ।

**Additional parking areas:**

- Dave Kandal Elementary School
- Harry Sayers Elementary School
- Rick Hansen Secondary School
- Eugene Reimer Middle School
- Church **Front Stalls ONLY** (located across from Kalgidhar Gurdwara Sahib)

The Nagar Kirtan will take place on Sunday, Sep 6th in Abbotsford BC. The parade will start at 11am from Kalgidhar Darbar Sahib Gurdwara located at 30640 Blueridge Drive, Abbotsford and will return at approximately 4 pm.The parade will be followed by religious hyms singers & preachers (Kirtani Jathas & Katha Vachaks) and final prayer (Ardas) at 9 pm at the Gurdwara. Complimentary food will be proivided at the Gurdwara *along the entire route.

## ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ

| ਗੁਰਦੁਆਰਾ ਸਾਹਿਬ: | ਗੁਰਜੀਤ ਸਿੰਘ(ਪ੍ਰਧਾਨ) | ਮੋਤਾ ਸਿੰਘ (ਖਜਾਨਚੀ) | ਬਾਜ ਸਿੰਘ (ਸਕੱਤਰ) |
|---|---|---|---|
| 604-504-5530 | 604-835-0353 | 604-835-2731 | 604-825-6681 |



OG
TIRES & RIMS LTD.
Mobile Service 24/7
Proffesional & Reliable Service
• New & Used Tires
• Wheel Allignment
• Road Side Assistance
• Tire Rotation
• Flat Tire Repairs
• Brakes •Repairs
ਅਸੀਂ ਤੁਹਾਡੀ ਸਾਈਟ ਤੇ ਆ ਕੇ ਸਰਵਿਸ ਪ੍ਰਦਾਨ ਕਰਦੇ ਹਾਂ
ਸਾਡੇ ਕੋਲ Tires & Rims ਦੀ ਭਾਰੀ ਸਿਲੈਕਸ਼ਨ ਹੈ
10% Off on Set of New 4 Tires
All season & winter tires available all year, for any car/truck
Wheel Allignment Mounting / Balancing & Installation on all tires
Ph:604-712-3870
Email:ogtiresandrims@gmail.com
Website:www.ogtiresandrims.ca
#106-13030-115Ave, Surrey




Discover the Real Punjabi Tadka
Chawlas² SINCE 1960
The Famous Taste of Punjab
Veg & Non Veg
NOW OPEN
IN SURREY
ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ
Ph:778-637-0006
#107-8363 -128St, Surrey
Hours:Wednesday to Monday 10AM to 12 AM Closed:Tuesday